https://archive.org/details/namdhari

ਆਰ. ਐਲ.

ਨੰ: ੨੫੫੧

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਕਲਿਜੁਗ ਮੇਂ ਸਤਿਜੁਗ ਵਰਤਾਊਂ ॥ ਤਬ੍ਹੀ ਬਾਰ੍ਹਵਾਂ ਬਪ ਕਹਾਊਂ ॥

ਸਤਿਜੁਗ

ਸ੍ਰੀ ਭੈਣੀ ਸਾਹਿਬ

[ਜਿਲਦ ੧੫ } ੩ ਸਾਵਣ ਸੰਮਤ ੨੦੦੭-ਵੀਰਵਾਰ ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੨੬ { ਨੰਬਰ ੨੧]

ਸਾਵਨ ਆਇਆ ਸਜਾਮ ਨ ਆਏ

ਘਟ ਕਾਲੀ ਅਸਮਾਨ ਤੇ ਛਾਈ,
ਜਿਸ ਨੇ ਦਿਨ ਦੀ ਰਾਤ ਬਣਾਈ,
ਚਾਤ੍ਰਿਕ ਉੱਡਦਾ ਦਏ ਦੁਹਾਈ:-
ਪੀਆ ! ਪੀਆ !! ਪੀਆ !!! ਪੀਆ !!!!

ਬਦਲ ਗੜ ਗੜ ਗੜ ਗੜ ਗੱਜੇ,
ਬ੍ਰਿਹੋਂ ਕਟਾਰੀ ਦਿਲ ਵਿੱਚ ਵੱਜੇ,
ਮੋਰਾਂ ਉੱਚੀ ਟੇਰ ਲਗਾਈ:-
ਮੀਂ ਆ ! ਮੀਂ ਆ !! ਮੀਂ ਆ !!! ਮੀਂ ਆ !!!!

ਕਣੀਆਂ ਕਿਣਮਿਣ ਬਰਸ ਰਹੀਆਂ ਨੇ,
ਅੱਖਾਂ ਕਿਸੇ ਨੂੰ ਤਰਸ ਰਹੀਆਂ ਨੇ,
ਆਈ ਤੇਰੀ ਯਾਦ ਜੁਦਾਈ:-
ਧੜਕੇ, ਜੀਆ ! ਜੀਆ ! ਜੀਆ !

ਪਾਣੀ ਮਿਲੇ ਨਦੀ ਵਿੱਚ ਜਾਕੇ,
ਨਦੀ ਮਿਲੇ ਸਾਗਰ ਵਿੱਚ ਆਕੇ,
ਮੈਂ ਕੀ ਕਰਾਂ ਵਿਛੋੜੇ ਮਾਰੀ ?
ਤੜਪੇ, ਹੀਆ ! ਹੀਆ ! ਹੀਆ !

ਪ੍ਰਿਜ, ਪ੍ਰੀਤਮ ਦੀ ਯਾਦ ਸਤਾਏ !

ਸਾਵਣ ਆਇਓ ਮੇਘਲਾ ਬਰਸੇ !
ਪੀਜਾ ਪ੍ਰਦੇਸ, ਸਧਾਇਓ ਘਰਸੇ !
ਮੰਦ ਭਾਗ ਮੈਂ ਕਰਾਂ ਬੇਨੰਤੀ !
ਪੀਆ ਆਵੇ ਜੀਆ ਤਰਸੇ !
ਬਾਦਲ ਗਰਜੇ, ਬਿਜਲੀ ਕੜਕੇ !!
ਬੈਠੀ ਬ੍ਰਿਹਣ, ਕਲੇਜਾ ਫੜਕੇ !!

ਗੁਜਰੇ ਬਰਸ ਨਾ ਪਾਇਆ ਫੇਰਾ !
ਵਸਦਾ ਉਜੜ ਗਿਆ ਘਰ ਮੇਰਾ !
ਤਰਸ ਨ ਖਾਂਵੇਂ ਦਿਲ ਦੇ ਮੈਹਰਮ !
ਔਨ ਨਾ ਹੋਵੇ ਹੁਨਵੀ ਤੇਰਾ !
ਰੁਤ ਆਈ, ਇਕਰਾਰ ਤਿਰੇ ਦੀ !
ਸਾਰ ਲੈ ਆਕੇ ਵਤਨ ਮਿਰੇ ਦੀ !

ਉਭੇ ਸਾਹ ਜਵਾਨੀ ਢਲ ਗਈ।
ਜਿੰਦ ਮੇਰੀ ਦੁਖਾਂ ਵਿਚ ਗਲ ਗਈ।
ਅਖਾਂ ਪਕੀਆਂ ਵਾਟ ਉਡੀਕਾਂ।
ਤਾਹਨੇ ਸੁਣ ਕਲੇਜੀ ਜਲ ਗਈ।
ਬਸ ! ਬੀਬਾ ਨਾ ਹੋਰ ਸਤਾਂਈ।
ਝੁਗੀ ਮੇਰੀ ਫੇਰੀ ਪਾਂਈ।

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਦਿਹਾਣਾ ਵਿਖੇ ਬਲਵੰਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਛਪਿਆ ਤੇ ਦਫਤਰ "ਸਤਿਜੁਗ" ਸ੍ਰੀ ਭੈਣੀ ਸਾਹਿਬ ਵਿਚੋਂ ਪ੍ਰਕਾਸ਼ਤ ਹੋਇਆ।

Sri Satguru Jagjit Singh Ji eLibrary NamdhariElibrary@gmail.com

ਬ੍ਰਿਹੁਣੀ ਦੀ ਬਹਾਰ

(ਵਲੋਂ ਸ੍ਰੀਮਾਨ ਸ੍ਰ: ਜੋਗਿੰਦ੍ਰ ਸਿੰਘ ਜੀ 'ਮੁਸਾਫਰ')

ਘਤ ਕੰਬਲੀ ਮੋਢੇ ਤੇ ਤੁਰੇ ਜਦ ਦੇ, ਪਰਤ ਫੇਰ ਨਾ ਉਨ੍ਹਾਂ ਦੀ ਸਾਰ ਆਈ।
ਨਾਂ ਕੋਈ ਸੁਖ ਸੁਨੇਹੇ ਦਾ ਪਤਾ ਆਇਆ, ਨਾਂ ਕੋਈ ਖਤ ਪਤਰ ਨਾਂ ਕੋਈ ਤਾਰ ਆਈ।
ਮੇਰੇ ਹਾਰ ਸ਼ਿੰਗਾਰ ਸਭ ਟੁਟ ਗਏ ਨੇ, ਲੇਖਾਂ ਮੇਰਿਆਂ ਨੂੰ ਐਸੀ ਹਾਰ ਆਈ।
ਆਈ ਰੁਤ ਬਸੰਤ ਬਸ ਅੰਤ ਮੇਰਾ, ਰੂਪ ਮੌਤ ਦਾ ਮੇਰੇ ਲਈ ਧਾਰ ਆਈ।
ਪੀਆ ਬਿਨਾਂ ਬਹਾਰ ਦਾ ਮਜ਼ਾ ਕੀਏ, ਸਗੋਂ ਦੇਣ ਉਲਟੀ ਮੈਨੂੰ ਖਾਰ ਆਈ।
ਜਾ! ਜਾ!! ਨਾਂ ਪਈ ਸਤਾ ਸਖੀਏ, ਕਰਾਂ ਕੀ ਜੇ ਰੁਤ ਬਹਾਰ ਆਈ।

ਭਲਾ ਦਸ ਖਾਂ ਓਨੂੰ ਬਸੰਤ ਕੀ ਏ, ਜਿਦੇ ਕੋਲ ਪਿਆਰਾ ਨਾਂ ਵਸਦਾ ਏ।
ਓਨੂੰ ਬਾਗ ਦੇ ਫੁਲ ਤੇ ਖਾਰ ਇਕ ਇਕ, ਕਾਲੇ ਨਾਗ ਵਾਕੂੰ ਪਿਆ ਡਸਦਾ ਏ।
ਉਸਨੂੰ ਵੇਖ ਵਿਯੋਗ ਵਿਚ ਤੜਪਦੀ ਨੂੰ, ਸੂਰਜ ਲੁਕ ਲੁਕ ਕੇ ਪਿਆ ਹਸਦਾ ਏ।
ਰਾਤੀਂ ਚੰਦ ਵੀ ਕਹਿਰ ਗੁਜ਼ਾਰਦਾ ਏ, ਤੀਰ ਰਿਸ਼ਮਾਂ ਦੇ ਮਾਰਨ ਨੂੰ ਕਸਦਾ ਏ।
ਏਸ ਹਾਲ ਅੰਦਰ ਕਿਉਂ ਨਾਂ ਮੈਂ ਆਖਾਂ, ਇਹ ਬਹਾਰ ਨਹੀਂ ਕੈਹਰ ਗੁਜ਼ਾਰ ਆਈ।
ਜਾਹ ਤੂੰ ਹਸ ਪਿਆਰੇ ਦੇ ਨਾਲ ਸਖੀਏ, ਮੈਨੂੰ ਕੀ ਜੇ ਰੁਤ ਬਹਾਰ ਆਈ।

ਮੈਨੂੰ ਬਾਗ ਦੇ ਖੇੜੇ ਦਾ ਭਾ ਕੀ ਏ, ਨਰਗਸ ਚੰਬਾ ਜੇ ਖਿੜਿਆ ਗੁਲਾਲ ਹੋਇਆ।
ਆਈ ਰੁਤ ਬਹਾਰ ਤੇ ਫੁਲ ਟੈਹਕੇ, ਚੇਹਰਾ ਬੁਲ-ਬੁਲਾਂ ਦਾ ਲਾਲੋ ਲਾਲ ਹੋਇਆ।
ਐਪਰ ਬ੍ਰਿਹੁਣੀ ਦਾ ਪੀਆ ਪਰਤਿਆ ਨਹੀਂ, ਤਦੇ ਚੇਹਰੇ ਦਾ ਰੰਗ ਮਲਾਲ ਹੋਇਆ।
ਦੇਸ ਛਡ ਪ੍ਰਦੇਸ ਵਿਚ ਲਾਏ ਡੇਰੇ, ਦਰਸ਼ਨ ਕੀਤਿਆਂ ਨੂੰ ਸੌ ਸਾਲ ਹੋਇਆ।
ਗੁਸੇ ਹੋਕੇ ਫੇਰਿਆ ਮੁਖ ਪੀਆ, ਪਤਾ ਨਹੀਂ ਕੀ ਗਲਤੀ ਗੁਜ਼ਾਰ ਆਈ।
ਮੇਰੀ ਖੁਸ਼ੀ ਹੈ ਪੀਆ ਦੀ ਖੁਸ਼ੀ ਅੰਦਰ, ਕਰਾਂ ਕੀ ਜੇ ਰੁਤ ਬਹਾਰ ਆਈ।

ਮੈਂ ਤੇ ਔਂਸੀਆਂ ਪਾਂਵਦੀ ਬੈਠ ਕਿਧਰੇ, ਕਦੀ ਉਠਕੇ ਕਾਗ ਉਡਾਂਵਦੀ ਹਾਂ।
ਸਦ ਰਮਲੀਏ ਕਦੀ ਹਾਂ ਪਤਾ ਕਰਦੀ, ਕਦੀ ਪਤਰੀ ਬੈਠ ਫੁਲਾਂਵਦੀ ਹਾਂ।
ਕਦੀ ਭਾਲਾਂ ਨਜੂਮੀਏ ਜੋਤਸ਼ੀ ਪਈ, ਕਦੀ ਪਾਧਿਆਂ ਪੁਛ ਪੁਛਾਂਵਦੀ ਹਾਂ।
ਪੀਆ ਬਿਨਾਂ ਨਾਂ ਮੂਲ ਆਰਾਮ ਆਵੇ, ਪਈ ਕੋਇਲ ਦੇ ਵਾਂਗ ਕੁਰਲਾਂਵਦੀ ਹਾਂ।
ਮੇਰੇ ਹੌਕਿਆਂ ਅਰਸ਼ ਹਿਲਾ ਦਿਤਾ, ਕੰਨੀਂ ਪੀਆ ਦੀ ਨਹੀਂ ਗੁਫਤਾਰ ਆਈ।
ਮੈਨੂੰ ਅਪਣੇ ਹਾਲ ਵਿਚ ਛੱਡ ਸਖੀਏ, ਕਰਾਂ ਕੀ ਜੇ ਰੁਤ ਬਹਾਰ ਆਈ।

ਸ਼ਾਂਤ ਪੁੰਜ ਦਾਤਾਰ ਮੇਰੇ ਸਤਿਗੁਰੂ ਜੀ, ਜਾਣੀ ਜਾਣ ਤੁਸੀਂ ਦਿਲਾਂ ਦੀਆਂ ਜਾਣਦੇ ਹੋ।
ਮੇਰਾ ਹਾਲ ਤੇ ਤੁਸਾਂ ਤੋਂ ਨਹੀਂ ਗੁਝਾ, ਭਲੇ ਬੁਰੇ ਦੀ ਪੀੜ ਪਛਾਣਦੇ ਹੋ।
ਮੈਨੂੰ ਤਤੜੀ ਨੂੰ ਆਕੇ ਚਰਨ ਲਾਵੋ, ਵਾਲੀ ਤੁਸੀਂ ਤੇ ਦੋ ਜਹਾਨ ਦੇ ਹੋ।
ਝੋਲੀ ਅਡ ਭਿਖਾਰਨ ਪਈ ਖੈਰ ਮੰਗੇ, ਸ਼ਰਨ ਪਿਆਂ ਨੂੰ ਤੁਸੀਂ ਪ੍ਰਵਾਨਦੇ ਹੋ।
ਮੇਰਾ ਜੀਉਣ ਤੋਂ ਵੀ ਦਿਲ ਅੱਕ ਚੁਕਾ, ਹੁਣ ਤੇ ਜਾਨ ਹੈ ਲਬਾਂ ਵਿਚਕਾਰ ਆਈ।
ਇਨਾਂ ਪੀਆ ਦੇ ਜੀਆਂ ਨੂੰ ਚੈਨ ਕਿਥੋਂ, ਕਰਾਂ ਕੀ ਜੇ ਰੁਤ ਬਹਾਰ ਆਈ।

ਆਓ ਆਓ ਨਿਕਰਮਣ ਨੂੰ ਗਲੇ ਲਾਵੋ, ਦੁਖ ਮੁਦਤਾਂ ਦਾ ਹੋਵੇ ਦੂਰ ਮੇਰਾ।
ਹੁਣ ਤੇ ਸਾਸ ਨੇ ਲਬਾਂ ਤੇ ਆਣ ਪੁਜੇ, ਐਨਾਂ ਅੰਤ ਨਾਂ ਲਵੋ ਹਜ਼ੂਰ ਮੇਰਾ।
ਦਿਓ ਦਰਸ ਮੈਂ ਪਰਸ ਲਾਂ ਚਰਨ ਦੋਵੇਂ, ਚਿਤ ਖੁਸ਼ੀ ਨਾਲ ਹੋਵੇ ਭਰਪੂਰ ਮੇਰਾ।
ਕਰ ਕਰ ਦਰਸ ਨਾਂ ਰਜਣਗੇ ਨੈਣ ਮੇਰੇ, ਸਾਰਾ ਉਤਰੇ ਗ਼ਮ ਫਤੂਰ ਮੇਰਾ।
ਕਦੋਂ ਜਾਗਣਗੇ ਪੂਰਬਲੇ ਕਰਮ ਮੇਰੇ, ਕਦੋਂ ਕਹੂ 'ਮੁਸਾਫਰ' ਸਰਕਾਰ ਆਈ।
ਕਦੋਂ ਖੁਸ਼ੀ ਅੰਦਰ ਮੈਂ ਇਹ ਬੋਲ ਪਾਂਗੀ, ਸਖੀਏ ਅਜ ਹੈ ਮੇਰੀ ਬਹਾਰ ਆਈ।

Sri Satguru Jagjit Singh Ji eLibrary NamdhariElibrary@gmail.com

ਹਫ਼ਤਾ ਵਾਰ ਅਖਬਾਰ "ਸਤਿਜੁਗ" ਸ੍ਰੀ ਭੈਣੀ ਸਾਹਿਬ
ਵੀਰਵਾਰ ੩ ਸਾਵਣ ਸੰ: ੧੯੯੭

ਸਾਡੀ ਕੌਮ ਦਾ ਸ਼ਾਨਦਾਰ ਬੀਤਿਆ ਸਮਾਂ

ਸ਼ਾਨਦਾਰ ਕੌਮ ਦਾ ਪਿਛਲਾ ਜ਼ਮਾਨਾਂ ਵੀ ਬੜਾ ਸ਼ਾਨਦਾਰ ਹੁੰਦਾ ਏ। ਓਹ ਕੌਮ ਹੀ ਕਾਹਦੀ ਏ, ਜਿਸਨੂੰ ਆਪਣੇ ਬੀਤੇ ਸਮੇਂ ਤੇ ਮਾਣ ਨਹੀਂ। ਬਾਬਾਣੀਆਂ, ਕਹਾਣੀਆਂ, ਸਪੁਤ੍ਰ ਪੁਤ੍ਰ ਸਨਾਤਨ ਤੋਂ ਕਰਦੇ ਆਏ ਹਨ। ਬੀਤੇ ਇਤਿਹਾਸ ਦੀ ਯਾਦ ਖ਼ੂਨ ਵਿਚ ਗਰਮਾਈ ਪੈਦਾ ਕਰ ਦਿੰਦੀ ਏ। ਵਡਿਆਂ ਦੇ ਕਾਰਨਾਮੇ ਓਹ ਪ੍ਰੇਰਨਾਂ ਦਿੰਦੇ ਹਨ, ਜਿਸ ਤੋਂ ਕੌਮ ਪਿਛੇ ਹਸਦਿਆਂ ਹਸਦਿਆਂ ਆਪਾ ਵਾਰਨ ਦੀ ਸ਼ਕਤੀ ਆ ਜਾਂਦੀ ਏ।

ਨਾਮਧਾਰੀ ਪੰਥ ਦੀਆਂ ਰਵਾਇਤਾਂ ਅਜੇਹੀਆਂ ਹਨ, ਜਿਨਾਂ ਦੀ ਯਾਦ ਨਾਲ ਛਾਤੀ ਫੁਲ ਜਾਂਦੀ ਏ। ਜਿਨਾਂ ਦੀ ਯਾਦ ਸਰੂਰ ਪੈਦਾ ਕਰ ਦਿੰਦੀ ਏ। ਮਨ ਵਿਚ ਨਵਾਂ ਹੁਲਾਸ ਅਤੇ ਨਵੀਂ ਜ਼ਿੰਦਗੀ ਬਖਸ਼ ਦਿੰਦੀ ਏ। ਸਾਡੀ ਕੌਮ ਦਾ ਇਤਿਹਾਸ ਅਜੇਹਾ ਸ਼ਾਨਦਾਰ ਏ, ਜਿਸਦੀ ਮਿਸਾਲ ਮਿਲਨੀ ਮਹਾਨ ਕਠਿਨ ਏ। ਸਾਡੀ ਕੌਮ ਵਿਚ ਕੀ ਨਹੀਂ ਸੀ? ਤਿਆਗ ਸੀ, ਵੈਰਾਗ ਸੀ, ਪਯਾਰ ਸੀ, ਪ੍ਰੀਤ ਸੀ, ਸੀ ਆਪਾ ਵਾਰਨ ਦੀ ਸ਼ਕਤੀ। ਵੰਡਕੇ ਖਾਣ ਦਾ ਮਾਦਾ ਸੀ। ਘਰ ਆਏ ਅਤਿਥੀ ਦੀ ਸੇਵਾ ਕਰਨੀ ਸਾਡੀ ਕੌਮ ਦਾ ਖਾਸ ਵਸਫ ਸੀ। ਕਿਉਂਕਿ ਸਤਿਗੁਰੂ ਸਚੇ ਪਾਤਿਸ਼ਾਹ ਜੀ ਦਾ ਹੁਕਮ ਸੀ ਕਿ—"ਸੇਵਾ ਸਭ ਦੀ ਕਰਨੀ, ਭਾਵੇਂ ਕਿਸੇ ਭੇਖ ਦਾ ਹੋਵੇ। ਨਿੰਦਾ ਕਰਨ ਵਾਲੇ ਨੂੰ ਨਿੰਦਾ ਦਾ ਫਲ, ਸੇਵਾ ਕਰਨ ਵਾਲੇ ਨੂੰ ਸੇਵਾ ਦਾ"

ਏਹ ਸੁਨਹਿਰੀ ਵਾਕ ਹਰ ਇਕ ਦੇ ਸੀਨੇ ਤੇ ਉਕਰੇ ਹੋਏ ਸਨ। ਏਥੋਂ ਤੀਕ ਡਿਠਾ ਗਿਆ ਹੈ ਕਿ ਜੇਹੜੇ ਲੋਕੀਂ ਸਾਡੀ ਕੌਮ ਦੀ, ਸਾਡੇ ਪੰਥ ਦੀ, ਪੰਥ ਦੇ ਬਾਨੀ ਦੀ ਨਿੰਦਿਆ ਕਰਦੇ ਥਕਦੇ ਨਹੀਂ ਸਨ, ਏਹ ਓਹਨਾਂ ਨਾਲ ਵੀ ਪਿਆਰ ਕਰਦੇ। ਓਹਨਾਂ ਦੀ ਸੇਵਾ ਅਜੇਹੀ ਕਰਦੇ ਕਿ ਓਹਨਾਂ ਨੂੰ ਖੁਦ ਬਖੁਦ ਸ਼ਰਮ ਔਣ ਲਗ ਜਾਂਦੀ ਕਿ ਜਿਨ੍ਹਾਂ ਨੂੰ ਅਸੀਂ ਬੁਰੇ ਸਮਝਿਆ ਏ, ਓਹ ਏਡੇ ਚੰਗੇ ਹਨ ਕਿ ਮੂੰਹ ਤੇ ਗਾਲਾਂ ਖਾਕੇ ਵੀ ਸਾਡੀ ਸੇਵਾ ਕਰਦੇ ਹਨ।

ਮਿਸਾਲ ਦੇ ਤੌਰ ਤੇ ਨਿਹੰਗ ਸਿੰਘਾਂ ਨੂੰ ਲੈ ਲਓ, ਏਹੀ ਹਨ ਜਿੰਨ੍ਹਾਂ ਸਭ ਤੋਂ ਪਹਿਲਾਂ ਇਹ ਗਲ ਧੁਮਾਈ ਸੀ ਕਿ-"ਕੂਕੇ ਕਲਾਮ ਪੜ੍ਹਦੇ ਹਨ, ਏਹ ਸਯਦਾਨੀ ਦੇ ਸੇਵਕ ਹਨ।" ਕਈਆਂ ਤੇ ਏਹ ਕਹਿਣੋਂ ਵੀ ਫਰਕ ਨਹੀਂ ਸੀ ਰਖਿਆ ਕਿ-- "ਏਹ ਮੁਸਲਮਾਨ ਹਨ।"

ਪਰ ਜਦੋਂ ਵੀ ਏਹ ਨਿਹੰਗ ਸਿੰਘ ਸ੍ਰੀ ਭੈਣੀ ਸਾਹਿਬ ਦਰਸ਼ਨ ਦਿੰਦੇ, ਓਹਨਾਂ ਨੂੰ ਕਲਗੀਆਂ ਵਾਲੇ ਪਾਤਿਸ਼ਾਹ ਦਾ ਰੂਪ ਸਮਝਕੇ ਸੇਵਾ ਕੀਤੀ ਜਾਂਦੀ। ਕਦੀ ਯਾਦ ਵੀ ਨਹੀਂ ਸੀ ਕਰਾਯਾ ਜਾਂਦਾ ਕਿ-- ਤੁਸੀਂ ਤੇ ਗਾਲਾਂ ਕਢਦੇ ਰਹਿੰਦੇ ਜੇ। ਸਾਡੇ ਇਸ ਪਯਾਰ ਦਾ, ਸਾਡੀ ਇਸ ਸਹਿਨ ਸੀਲਤਾ ਦਾ ਅਜੇਹਾ ਅਸਰ ਪਿਆ ਕਿ ਅਜ ਓਹ ਲੋਕੀਂ ਸਾਡੇ ਵਾਕਿਫ ਹਨ, ਸਾਡੇ ਨਾਲ ਪਯਾਰ ਕਰਦੇ ਹਨ, ਸਾਡੀ ਤਾਰੀਫ ਕਰਦੇ ਹਨ।

ਸੇਵਾ ਦਾ ਜਿੰਨਾਂ ਅਸਰ ਹੈ, ਓਨਾਂ ਕਿਸੇ ਹੋਰ ਚੀਜ਼ ਦਾ ਨਹੀਂ। ਸੇਵਾ ਨਾਲ ਦੁਸ਼ਮਨ ਦੋਸਤ ਹੋ ਜਾਂਦਾ ਏ। ਸੇਵਾ ਬਿਗਾਨੇ ਨੂੰ ਆਪਣਾ ਬਣਾ ਲੈਂਦੀ ਏ। ਸੇਵਾ, ਖੂੰਖਾਰ ਜਾਨਵਰਾਂ ਦੇ ਦਿਲ ਵਿਚ ਸਤਕਾਰ ਪੈਦਾ ਕਰ ਦਿੰਦੀ ਏ। ਸੇਵਾ ਕਸਾਈ ਦੇ ਹਥੋਂ ਛੁਰੀ ਸੁਟਾਕੇ ਉਸਨੂੰ ਰਹਿਮ ਦਿਲ ਬਣਾ ਦਿੰਦੀ ਏ।

ਮੈਂ ਨਾਮਧਾਰੀਆਂ ਨੂੰ ਅਰਜ਼ ਕਰਾਂਗਾ ਕਿ ਰੋਟੀ ਖਾਣ ਨੂੰ ਲਭੇ ਜਾਂ ਨਾਂ, ਕਪੜਾ ਪਹਿਨਣ ਨੂੰ ਮਿਲੇ ਜਾਂ ਨਾਂ, ਵਡੀ ਤੋਂ ਵਡੀ ਮੁਸੀਬਤ ਸਿਰ ਤੇ ਕਿਓਂ ਨਾਂ ਆ ਜਾਏ, ਪਰ ਵੇਖਣਾਂ ਆਪਣੇ ਪਿਆਰੇ ਸਤਿਗੁਰੂ ਦਾ ਸੇਵਾ ਕਰਨ ਦਾ--ਹਰ ਭੇਖ ਦੀ ਕਰਨ ਦਾ-ਹੁਕਮ ਨਾਂ ਭੁਲਾ ਦੇਣਾ। ਸਗੋਂ ਹੁਣ ਤਾਂ ਪ੍ਰੀਖਯਾ ਦਾ ਸਮਾਂ ਹੈ। ਹੁਣ ਤੇ ਸਾਡੀ ਫਾਕਾ ਮਸਤੀ ਰੰਗ ਲਾਣ ਵਾਲੀ ਹੈ। ਹੁਣ ਤੇ-ਹੋਜਾ ਸੋਨਾ, ਹੋਜਾ ਸੋਨਾ ਕਰਦਿਆਂ ਸੋਨਾ ਹੋਣ ਦੇ ਦਿਨ ਆਏ ਹਨ। ਖਬਰੇ ਓਹ ਪਿਆਰਾ ਕਿਸ ਰੂਪ ਵਿਚ, ਕਿਸ ਸਮੇਂ, ਕੇਹੜੀ ਸੇਵਾ ਮੰਗ ਲਏ। ਇਸ ਲਈ ਸੇਵਾ ਕਰਨ ਤੋਂ ਕਦੀ ਮੁਖ ਨਾਂ ਮੋੜਨਾਂ। ਘਰ ਆਏ ਦਾ ਓਹ ਸਤਕਾਰ ਕਰਨਾਂ, ਜਿਸ ਨਾਲ ਓਹ ਤੁਹਾਡੇ ਪਿਆਰ ਦਾ ਕਾਇਲ ਹੋ ਜਾਇ। ਓਹ ਤੁਹਾਡੇ ਅਗੇ ਆਪ ਅਰਜ਼ ਕਰੇ ਕਿ-ਮੈਨੂੰ ਵੀ ਉਸ ਪਯਾਰੇ ਦੀ ਦਸ ਪਾਓ, ਜਿਥੋਂ ਤੁਹਾਨੂੰ ਏਹ ਸ਼ਾਂਤੀ ਪ੍ਰਾਪਤ ਹੋਈ ਏ।

ਇਕ ਅੱਧ ਦੀ ਕੀ ਮਿਸਾਲ ਦੇਣੀ ਹੈ, ਨਾਮਧਾਰੀ ਦਾ ਹਰ ਇਕ ਘਰ ਧਰਮਸਾਲ ਹੈ, ਨਾਮਧਾਰੀ ਹਰਇਕ ਸੇਵਾ ਭਾਵ ਰੱਖਦਾ ਹੋਇਆਂ, ਆਪਾ ਵਾਰਨ ਤੀਕ ਜਾਂਦਾ ਹੈ। ਸਚਾ ਨਾਮਧਾਰੀ ਹੀ ਓਹ ਹੈ ਜਿਸਦੇ ਦਿਲ ਵਿਚ ਕੰਮ ਔਣ ਦੀ ਰੀਝ ਹੈ। ਜੇਹੜਾ ਆਪਣਾ ਗੁਆ ਕੇ ਵੀ ਬਗਾਨਾ ਸੁਆਰਨ ਦੀ ਇਛਾ ਰਖਦਾ ਹੈ। ਜੇਹੜਾ ਆਪ ਭੁਖਾ ਰਹਿਕੇ ਵੀ ਦੂਸਰੇ ਦਾ ਢਿੱਡ ਭਰਨਾਂ ਆਪਣਾ ਕਰਤਵ੍ਯ ਸਮਝਦਾ ਹੈ।

ਆਹ! ਕਿਥੇ ਗਈਆਂ ਓਹ ਰੂਹਾਂ, ਜਿਨ੍ਹਾਂ ਦੀ ਯਾਦ ਨਾਲ ਦਿਲ ਵਿਆਕੁਲ ਹੋ ਉਠਦਾ ਹੈ। ਮੈਨੂੰ ਇਕ ਵਾਕਿਆ ਯਾਦ ਹੈ ਏਹ ਮੈਨੂੰ ਇਕ ਦੋਸਤ ਨੇ--ਸਿੰਘ ਸਭੀਏ ਦੋਸਤ ਨੇ ਸੁਣਾਇਆ ਸੀ।

ਦਰਬਾਰ ਕਰਤਾਰ ਪੁਰ ਨੂੰ ਦਰਯਾ ਰਾਵੀ ਨੇ ਢਾਹ ਲਾਈ ਹੋਈ ਸੀ। ਉਸ ਇਤਿਹਾਸਕ ਯਾਦਗਾਰ ਨੂੰ ਬਚਾਣ ਲਈ ਬੰਨ੍ਹ ਲਾਣ ਦੀਆਂ ਅਪੀਲਾਂ ਹੋ ਰਹੀਆਂ ਸਨ। ਦੂਰ ਦੂਰ ਤੋਂ ਸ਼ਰਧਾਲੂ ਸੰਗਤਾਂ ਸੇਵਾ ਕਰਨ ਅਤੇ ਦਰਸ਼ਨ ਨੂੰ ਔਂਦੀਆਂ ਸਨ। ਅਕਾਲੀ ਲਹਿਰ ਦਾ ਅਰੰਭ ਸਮਾਂ ਸੀ। ਨਾਮਧਾਰੀਆਂ ਤੇ ਅਕਾਲੀਆਂ ਦੇ ਸਬੰਧ ਚੰਗੇ ਨਹੀਂ ਸਨ। ਗੁਰਦੁਆਰੇ ਦੇ ਦਰਸ਼ਨ ਅਤੇ ਸੇਵਾ ਕਰਨ ਵਾਸਤੇ ਪ੍ਰਸਿੱਧ ਕੀਰਤਨ ਰਸੀਏ, ਭਾਈ ਸੁਧ ਸਿੰਘ ਜੀ ਦਾ ਰਾਗੀ ਜਥਾ—ਜਿਸ ਵਿਚ ਕਰੀਬ ੬ ਸਿੰਘ ਸਨ--ਕਿਆਮ ਪੁਰ ਨਾਮੀ, ਜੋ ਕਿ ਜਿਲਾ ਸਿਆਲ ਕੋਟ ਵਿਚ ਥੈਸੰਤ੍ਰ ਨਦੀ ਦੇ ਕਿਨਾਰੇ ਤੇ ਵਾਕਯਾ ਹੈ, ਪਿੰਡ ਵਿਚ ਸਵੇਰੇ ਹੀ ਏਹ ੬ ਸਿੰਘ ਜਿਨਾਂ ਦੇ ਕਾਲੇ ਦਸਤਾਰੇ ਸਨ, ਅਤੇ ਕੀਰਤਨ ਦੇ ਸਾਜ ਸਨ, ਪਿੰਡ ਆਕੇ ਧਰਮ ਸਾਲਾ ਪੁਛਦੇ ਹਨ। ਅਗੋਂ

Sri Satguru Jagjit Singh Ji eLibrary NamdhariElibrary@gmail.com

ਜਵਾਬ ਮਿਲਦਾ ਹੈ ਧਰਮਸਾਲਾ ਤੇ ਕੋਈ ਏਡੀ ਚੰਗੀ ਨਹੀਂ ਤੇ ਨਾ ਹੀ ਓਥੇ ਕੋਈ ਪ੍ਰਬੰਧ ਹੈ, ਆਪ ਸੰਤ **ਬਲੀ ਸਿੰਘ** ਜੀ ਦਾ ਘਰ ਪੁਛਕੇ ਚਲੇ ਜਾਓ।

ਪੂਜਜ ਭਾਈ ਸੁਧ ਸਿੰਘ ਜੀ ਦਸਦੇ ਸਨ ਕਿ ਅਸੀਂ ਬਲੀ ਸਿੰਘ ਜੀ ਦੇ ਘਰ ਜਾਕੇ ਫਤੇ ਬੁਲਾਈ। ਅਗੋਂ ਇਕ ਸਤਰ ਕੂ ਸਾਲ ਦਾ ਬਿਧ ਸਜਨ—ਓਇ ਮੈਂ ਕੁਰਬਾਨ ਜਾਵਾਂ ਮੈਂ ਬਲਿਹਾਰ ਜਾਵਾਂ, ਧੰਨ ਭਾਗ, ਓਹਨਾਂ ਰਾਹਾਂ ਤੋਂ ਕੁਰਬਾਨ ਜੇਹੜੇ ਰਾਹੋਂ ਏਹ ਪਯਾਰੇ ਆਏ ਹਨ। ਆਹਾ, ਅਜ ਮੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ ਹਨ—ਆਖਦਾ ਹੋਯਾ ਸਾਡੇ ਪੈਰਾਂ ਤੇ ਢਹਿ ਪਿਆ ਅਸੀਂ ਹੈਰਾਨ ਸਾਂ ਕਿ ਐਹ ਉਮਰ ਅਤੇ ਏਡਾ ਪਿਆਰ! ਸਾਡੇ ਸਾਜ ਫੜ ਲਏ। ਅੰਦਰ ਜਾਕੇ ਮੰਜੇ ਵਿਛਾਏ। ਉਪਰ ਬਿਠਾਕੇ ਸਾਡੀ ਅਜੇਹੀ ਸੇਵਾ ਕੀਤੀ, ਜਿਸਦੀ ਯਾਦ ਸਾਡੇ ਦਿਲ ਵਿਚੋਂ ਕਦੀ ਨਹੀਂ ਭੁਲੀ। ਭਾਈ ਸੁਧ ਸਿੰਘ ਜੀ ਆਂਹਦੇ ਸਨ ਕਿ-ਸਾਡੀ ਮਰਜ਼ੀ ਸੀ ਕਿ ਜਲ ਪਾਣੀ ਛਕ ਛਕਾਕੇ ਕਰਤਾਰ ਪੁਰ, ਜੋ ਓਥੋਂ ਨਜ਼ਦੀਕ ਹੀ ਸੀ, ਚਲੇ ਜਾਵਾਂਗੇ। ਪਰ ਓਹਨਾਂ ਤੇ ਸਾਨੂੰ ਜਾਣ ਹੀ ਨਾਂ ਦਿਤਾ। ਸਚੀਂ ਮੁਚੀਂ ਅਸੀ ਸਿਖੀ ਦੀ ਅਸਲੀ ਸਪ੍ਰਿਟ ਉਸ ਘਰ ਵਿਚ ਡਿਠੀ।

ਏਹ ਇਕ ਸੰਤ ਬਲੀ ਸਿੰਘ ਜੀ ਦੀ ਗਲ ਹੈ। ਨਾਮਧਾਰੀਆਂ ਵਿਚ ਅਜੇਹੇ ਬਲੀ ਸਿੰਘ ਪਤਾ ਨਹੀ ਕਿੰਨੇ ਹਨ। ਮੈ ਅਜੇਹੇ ਕਈ ਸਜਨਾਂ ਨੂੰ ਜਾਣਦਾ ਹਾਂ, ਜੇਹੜੇ ਜਿੰਨੇ ਦਾਣੇ ਘਰ ਆ ਜਾਣ ਓਹ ਸਾਧ ਸੰਗਤ ਨੂੰ ਛਕਾਕੇ ਅਪਣੇ ਆਪ ਦੀ ਕੋਈ ਪ੍ਰਵਾਹ ਨਹੀ ਕਰਦੇ। ਪਰ ਪਤਾ ਨਹੀ ਸਤਿਗੁਰੂ ਓਹਨਾਂ ਦੇ ਘਰ ਕਿਥੋਂ ਬਰਕਤ ਪਾ ਦਿੰਦਾ ਹੈ, ਜੋ ਓਹ ਕਦੀ ਵੀ ਕਿਸੇ ਦੇ ਮੁਹਤਾਜ ਹੋਏ ਨਹੀ ਡਿਠੇ ਗਏ।

ਔਣ ਵਾਲਾ ਸਮਾਂ, ਭਵਿਸ਼ ਦੇ ਗਰਭ ਵਿਚ ਹੈ ਤੇ ਪਤਾ ਨਹੀ ਕਿਸ ਵੇਲੇ ਕੀ ਹੋ ਜਾਇ।

ਖੁਸ਼ ਕਿਸਮਤੀ ਨਾਲ ਨਾਮਧਾਰੀ ਪੰਥ ਨੂੰ ਆਪਣਾ ਰਹਿਬਰ, ਆਪਣਾ ਆਕਾ, ਆਪਣਾ ਸਤਿਗੁਰੂ ਅਜੇਹਾ ਮਿਲਿਆ ਹੈ, ਜਿਸ ਦੇ ਦਿਲ ਵਿਚ ਕੋਈ ਸੁਆਰਥ ਨਹੀਂ, ਕੋਈ ਖ਼ੁਦਗਰਜ਼ੀ ਨਹੀ। ਓਹ ਸਿਖ ਦਾ ਦੁਖ ਦੇਖਕੇ ਬ੍ਰਦਾਸ਼ਤ ਨਹੀਂ ਕਰ ਸਕਦਾ। ਆਪ ਤਕਲੀਫ ਕਟ ਲਏ, ਆਪ ਭੁਖਾ ਰਹਿ ਜਾਇ, ਪਰ ਸਿਖ ਦਾ ਦੁਖ ਦੂਰ ਕਰਦਾ ਹੈ, ਸਿਖ ਦੀ ਭੁਖ ਦੂਰ ਕਰਨ ਦੇ ਸਾਧਨ ਸੋਚਦਾ ਹੈ। ਇਸ ਲਈ ਨਾਮਧਾਰੀਓ! ਆਪਣੇ ਆਪ ਨੂੰ ਉਸ ਪਿਆਰੇ ਦੇ ਚਰਨਾਂ ਵਿਚ ਸੌਂਪ ਛਡੋ। ਕੋਈ ਸ਼ੰਕਾ ਨ ਕਰੋ, ਕਿਸੇ ਸ਼ਸ਼ੋ ਪੰਜ ਵਿਚ ਨਾਂ ਪਓ। ਇਸੇ ਵਿਚ ਤੁਹਾਡੀ ਕਲਿਆਨ ਹੈ. ਇਸੇ ਵਿਚ ਤੁਹਾਡਾ ਭਲਾ ਹੈ।

ਉਸ ਪਯਾਰੇ ਦੇ ਹੁਕਮ ਨੂੰ ਮੰਨਕੇ ਵੰਡ ਛਕਣਾ ਅਤੇ ਆਏ ਦੀ ਸੇਵਾ ਕਰਨੀ, ਸਗੋਂ ਅਗੇ ਨਾਲੋਂ ਵੀ ਦੂਣੇ ਉਤਸ਼ਾਹ ਨਾਲ ਅਰੰਭ ਕਰੋ। ਕਿਉਂਕਿ ਕੀ ਪਤਾ ਹੈ, ਕੀ ਕੰਮ ਔਣਾ ਹੈ ਕੀ ਨਹੀ। ਅਜ ਜੇਹੜੇ ਮਲਕ ਖੁਸ਼ਹਾਲ ਅਤੇ ਰੰਗ ਰਲੀਆਂ ਕਰਦੇ ਦਿਸਦੇ ਹੁੰਦੇ ਹਨ, ਕੱਲ ਨੂੰ ਨਕਸ਼ੇ ਵਿਚ ਓਹਨਾਂ ਦਾ ਹੋਰ ਹੀ ਰੰਗ ਦਿਸਦਾ ਹੈ।

ਇੰਦ੍ਰ ਸਿੰਘ ਚਕ੍ਰਵਰਤੀ

ਸੂਕੇ ਹਰੇ ਕੀਏ ਖਿਨ ਮਾਹਿ

ਬੀਤ ਚੁਕੇ ਹਫਤੇ ਵਿਚ ਪਿੰਡ ਸਿਆਹੜ੍ਹ ਦੇ ਜ਼ਿਮੀਦਾਰ ਨੇ ਜਿਸਦਾ ਨਾਮ ਅਮਰ ਸਿੰਘ ਹੈ, ਆਪਣਾ ਲੜਕਾ ਮੰਗਲ ਸਿੰਘ, ਸ੍ਰੀ ਹਜ਼ੂਰ ਜੀ ਦੀ ਭੇਟਾ ਕਰਨ ਹਿਤ ਲਿਆਂਦਾ। ਅਮਰ ਸਿੰਘ ਜੀ ਨੇ ਦਸਿਆ ਹੈ ਕਿ ਮੇਰਾ ਏਹ ਲੜਕਾ ੧ ਸਾਲ ਦੀ ਉਮਰ ਤੋਂ ਸੁਕਣਾ ਸ਼ੁਰੂ ਹੋ ਗਿਆ ਸੀ, ਇਸਤੋਂ ਉਪ੍ਰੰਤ ਮੈਂ ਡੇਢ ਸਾਲ ਤਕ ਬਚੇ ਨੂੰ ਸੋਕੇ ਤੋਂ ਮੁਕਤ ਕਰਾਣ ਲਈ ਕਈ ਡਾਕਟਰਾਂ, ਵੈਦਾਂ, ਹਕੀਮਾਂ ਤੇ ਮਾਂਦਰੀਆਂ ਪਾਸ ਲਜਾਂਦਾ ਰਿਹਾ ਹਾਂ, ਪਰ ਕਿਧਰੋਂ ਭੀ ਆਸ਼ਾ ਦੀ ਕਿਰਣ ਦਿਖਾਈ ਨ ਪਈ। ਲੜਕਾ ਬਿਲਕੁਲ ਦੁਬਲਾ ਹੋਈ ਜਾ ਰਿਹਾ ਸੀ। ਭੈਣੀ ਸਾਹਿਬ ਵੱਲੀ ਸਤਿਗੁਰੂ ਜੀ ਕਈ ਵੇਰ ਸਾਡੇ ਪਿੰਡ ਆਏ ਸਨ ਮੈਨੂੰ ਕੁਛ ਧੀਰਜ ਹੋਈ ਕਿ ਸ਼ਾਇਦ ਆਪ ਕ੍ਰਿਪਾ ਕਰ ਦੇਣ। ਮੈਂ ਘਰ ਬੈਠਿਆਂ ਹੀ ਇਹ ਸੁਖ ਸੁਖੀ ਕਿ ਜੇ ਮੇਰਾ ਲੜਕਾ ਰਾਜ਼ੀ ਹੋ ਜਾਇ ਤਾਂ ਮੈਂ ਭੈਣੀ ਸਾਹਿਬ ਅਰਦਾਸ ਕਰਵਾ ਦਿਆਂਗਾ। ਉਸੇ ਦਿਨ ਤੋਂ ਰੋਜ਼ ਹੀ ਪ੍ਰਤੱਖ ਫ਼ਰਕ ਨਜ਼ਰੀ ਔਣ ਲਗਾ ਹੁਣ ਉਸਦੀ ੭ ਸਾਲ ਦੀ ਉਮਰ ਹੈ ਤੇ ਓਹ ਅਪਣੀ ਉਮਰ ਦੇ ੩-੪ ਬਚਿਆਂ ਤੋਂ ਭੀ ਕੁਛ ਤਾਕਤਵਰ ਹੀ ਜਾਪਦਾ ਹੈ।

ਜਦੋਂ ਭਾਈ ਅਮਰ ਸਿੰਘ ਜੀ ਅਪਨੇ ਬਚੇ ਨੂੰ ਲੈਕੇ ਸਤਿਗੁਰੂ ਜੀ ਦੀ ਚਰਨੀਂ ਜਾਕੇ ਲਗੇ ਤੇ ਅਪਨੀ ਵਿਥਿਆ ਦਸੀ ਤਾਂ ਹਜ਼ੂਰ ਨੇ ਹੁਕਮ ਕੀਤਾ ਕਿ ਆਪ ਭਜਨ ਪੁਛ ਲਓ (ਪਹਿਲਾਂ ਇਹ ਸਿੰਘ ਨਾਮਧਾਰੀ ਨਹੀਂ ਸੀ) ਪ੍ਰਵਾਰ ਨੂੰ ਤੇ ਬਚੇ ਨੂੰ ਭੀ ਭਜਨ ਪੜ੍ਹਵਾ ਲਓ ਤੇ ਰੋਜ਼ ਨੇਮ ਨਾਲ ਮਾਲਾ ਫੇਰਿਆ ਕਰੋ। ਇਹ ਬੱਚਾ ਤੁਹਾਡੇ ਵਲੋਂ ਸਾਨੂੰ ਆ ਚੁਕਾ, ਪਰ ਇਸਦੀ ਪਾਲਣਾਂ ਪੋਸ਼ਣਾਂ ਆਪ ਹੀ ਕਰੋ। ਜਦ ਇਹ ਅਪਨੇ ਪੈਰਾਂ ਤੇ ਖੜਾ ਹੋ ਜਾਵੇ, ਖਟਣ ਕਮਾਣ ਲਗ ਪਵੇ ਤਾਂ ਅਪਨੀ ਦਸਾਂ ਨਵ੍ਹਾਂ ਦੀ ਕ੍ਰਿਤ ਚੋਂ ਸਤਿਗੁਰੂ ਦੇ ਘਰ ਦਸਵੰਧ ਭੇਜ ਦਿਤਾ ਕਰੇ। ਸਿੰਘ ਜੀ, ਸਤਿਗੁਰਾਂ ਦੀ ਆਗਜ਼ਾ ਪਾ ਕੇ ਭਜਨ ਪੁਛਕੇ ਅਪਣੇ ਨਗਰ ਨੂੰ ਚਲੇ ਗਏ।

ਉਪਰਲੀ ਘਟਨਾਂ ਵਿਚ ਦੋ ਗੱਲਾਂ ਵਿਚਾਰ ਯੋਗ ਹਨ। ਇਕ ਤਾਂ ਉਹ ਅੰਮ੍ਰਿਤ ਸੋਮਾਂ ਸਤਿਗੁਰੂ ਜਿਸਦੇ ਸਿਮਰਨ ਮਾਤ੍ਰ ਨਾਲ ਬਚੇ ਦੀਆਂ ਜੜ੍ਹਾਂ ਵਿਚ ਤਾਕਤ ਤੇ ਖ਼ੂਨ ਔਣਾ ਸ਼ੁਰੂ ਹੋ ਗਿਆ। ਦੂਸਰੇ ਉਸ ਭਾਈ (ਅਮਰ ਸਿੰਘ) ਦਾ ਭਰੋਸਾ। ਜਿਸ ਨਾਲ ਅੰਮ੍ਰਿਤ ਸੋਮੇ ਤੋਂ ਅਪਨੇ ਬਚੇ ਤਕ ਪ੍ਰੇਮ ਦੀ ਆਡ ਬਣਾਈ ਗਈ। ਅਖ਼ੀਰ ਕੁਮਲਾਂਦੀ ਜਾਂਦੀ ਜ਼ਿੰਦੜੀ, ਨਿਰੀਆਂ ਹਡੀਆਂ ਦੇ ਪਿੰਜਰ ਵਿਚ ਇਕ ਤਾਜ਼ਾ ਜੀਵਨ ਲੈ ਆਈ, ਤੇ ਇਸਨੇ ਅਪਨੇ ਸਾਥੀ ਬਚਿਆਂ ਨੂੰ ਭੀ ਮਾਤ ਪਾ ਦਿਤਾ। ਧੰਨ ਸਤਿਗੁਰੂ! ਧੰਨ ਸਿਦਕ!

—੦—

ਕੀ ਤੁਹਾਨੂੰ ਪਤਾ ਏ ਕਿ—

—ਮੱਖੀ ਦੇ ਖੰਭ ਇਕ ਸੈਕਿੰਡ ਵਿਚ ੩੩੦ ਵਾਰ ਹਿਲਦੇ ਹਨ?

—ਸੁਤੇ ਰਹਿਨ ਪਰ ਵੀ ਸੱਪ ਦੇਖ ਸਕਦਾ ਹੈ, ਉਸ ਦੀਆਂ ਬੇ ਪਲਕ ਅਖਾਂ ਕਿਸੇ ਭੀ ਹਿਲਦੀ ਹੋਈ ਚੀਜ਼ ਨੂੰ ਝਟ ਪਟ ਤਾੜ ਲੈਂਦੀਆਂ ਹਨ?

—ਬਾਂਸ ਦਾ ਬੂਟਾ ੨੪ ਘੰਟਿਆਂ ਵਿਚ ੩੬ ਇੰਚ ਤਕ ਵਧ ਸਕਦਾ ਹੈ?

—ਸ਼ਾਂਤੀ ਦੇ ਸਮੇਂ ਵਿਚ ਵੀ ਸੰਸਾਰ ਯੁਧ ਦੀ ਤ੍ਰਿਆਰੀ ਵਾਸਤੇ ਚਾਲੀ ਅਰਬ ਰੁਪੈਆ ਸਾਲਾਨਾ ਖਰਚ ਕਰਦਾ ਹੈ?

—ਇਕ ਜੰਗੀ ਜਹਾਜ਼ ਬਨਾਣ ਵਾਸਤੇ ੧੮੦੦੦ ਆਦਮੀਆਂ ਨੂੰ ਇਕ ਸਾਲ ਤਕ ਕੰਮ ਕਰਨਾਂ ਪੈਂਦਾ ਹੈ?

—੦—

ਅਲੌਕਿਕ ਕਾਵਤ

ਇਸ ਨਾਮ ਹੇਠ ਅਸੀਂ ਕੁਝ ਚਮਤਕਾਰਕ, ਰਸੀਲੀਆਂ ਤੇ ਦ੍ਰਿਸ਼ਟ ਕੂੰਟ ਕਵਿਤਾਵਾਂ ਲਿਖਣ ਦਾ ਯਤਨ ਕਰਦੇ ਹਾਂ, ਇਹ ਕਵਿਤਾਵਾਂ ਮੁਖਤਲਿਫ਼ ਕਵੀਆਂ ਦੀਆਂ ਰਚਨਾਂ ਹਨ। ਤੇ ਆਸ ਹੈ 'ਸਤਿਜੁਗ' ਦੇ ਪਾਠਕਾਂ ਲਈ ਖਾਸ ਦਿਲ ਚਸਪੀ ਦਾ ਕਰਨ ਹੋਣਗੀਆਂ।

ਪਾਠਕਾਂ ਦੀ ਸੇਵਾ ਵਿਖੇ ਭੀ ਬੇਨਤੀ ਹੈ ਕਿ ਜੇ ਓਹਨਾਂ ਪਾਸ ਇਸ ਕਿਸਮ ਦੀਆਂ ਕੁਝ ਕਵਿਤਾਵਾਂ ਹੋਣ ਤਾਂ ਸਾਨੂੰ ਭੇਜਣ, ਅਸੀਂ ਧੰਨਵਾਦ ਸਹਿਤ ਛਾਪਾਂਗੇ।

ਹੇਠ ਲਿਖੀਆਂ ਕਵਿਤਾਵਾਂ ਜਿਨ੍ਹਾਂ ਜਿਨ੍ਹਾਂ ਸਜਨਾਂ ਤੋਂ ਸਾਨੂੰ ਪ੍ਰਾਪਤ ਹੋਈਆਂ ਹਨ, ਅਸੀਂ ਓਹਨਾਂ ਮਿਹਰਵਾਨਾਂ ਦੇ ਅਤੀ ਕ੍ਰਿਤਗਜ ਹਾਂ। [ਲੇਖਕ

ਦ੍ਰਿਸ਼ਟ ਕੂੰਟ ਦੋਹਰੇ

ਮੰਗਲ—

ਪੱਚੀਏ ਅੱਖਰ ਕੰਨਾ ਕਰਾ ਪੱਚੀਏ ਖਟਹਿ ਮਿਲਾਇ।
ਆਦਿ ਅੰਤ ਮੇ ਸਦਾ ਹੀ ਸੋ ਗੁਰ ਕਰੈ ਸਹਾਇ।

ਕਿਸੇ ਕਵੀ ਨੇ ਉਪ੍ਰੋਕਤ ਦੋਹਰਾ ਲਿਖਕੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਮੰਗਲ ਕੀਤਾ ਹੈ। ਉਹ ਕਹਿੰਦਾ ਏ, ਪੰਝੀਵੇਂ ਅੱਖਰ (ਨ) ਨੂੰ ਕੰਨਾ (ਾ) ਲਾ ਦਿਓ ਤੇ ਫੇਰ ਪੰਝੀਵੇਂ (ਨ) ਤੇ ਛੀਵੇਂ (ਕ) ਅੱਖਰ ਨੂੰ ਮਿਲਾ ਦਿਓ। ਇਸਤ੍ਰਾਂ ਕਰਨ ਨਾਲ 'ਨਾਨਕ' ਪਦ ਬਣੇਗਾ। ਕਵੀ ਕਹਿੰਦਾ ਹੈ, ਐਸੇ ਗੁਰੂ ਜੀ ਮੇਰੀ ਆਦਿ ਅੰਤ ਤੇ ਸਦਾ ਹੀ ਸਹਾਇਤਾ ਕਰਨ।

ਦਰਸ਼ਨ ਦਿਓ—

ਕਵਿਲਾ ਪਤਿ ਕੇ ਕਰ ਵਿਖੇ ਪਾਂਚ ਵਰਣ ਹੈਂ ਜੋਇ।
ਆਦਿ ਵਰਣ ਕਉ ਤਿਆਗ ਕਰ ਮੁਝ ਕਉ ਦੀਜੈ ਸੋਇ।

ਕੋਈ ਕਵੀ ਅਪਨੇ ਸੱਜਨ ਨੂੰ 'ਦਰਸ਼ਨ ਦੇਣ ਲਈ' ਬੜੇ ਵਿਕਲੋਤ੍ਰੇ ਢੰਗ ਨਾਲ ਕਹਿੰਦਾ ਹੈ। ਉਸਨੇ ਚਿੱਠੀ ਵਿਚ ਲਿਖਿਆ ਕਿ, ਸਜਣ ਜੀ! (ਕਵਿਲਾ ਪਤਿ) ਲਛਮੀ ਦੇ ਪਤੀ "ਵਿਸ਼ਨੂ" ਦੇ ਹੱਥ ਵਿਚ ਜੋ (ਪਾਂਚ ਵਰਣ) 'ਸੁਦਰਸ਼ਨ' (ਚੱਕ੍ਰ) ਹੈ, ਉਸਦਾ ਪਹਿਲਾ (ਵਰਣ) ਅੱਖਰ ਛੱਡਕੇ, ਜੋ ਬਾਕੀ ਬਣੇ (ਦਰਸ਼ਨ) ਮੈਨੂੰ ਦਿਓ। ਕੈਸੀ ਵਜੰਗ ਰਚਨਾਂ ਹੈ!

ਚਿੱਠੀ ਲਿਖੋ—

ਸਿਲਾ ਸੁਤਾ ਕੇ ਨਾਮ ਕੇ ਚਾਰ ਵਰਣ ਹੈਂ ਜੋਇ।
ਆਦਿ ਅੰਤ ਕੋ ਗ੍ਰਹਣ ਕਰ ਮੁਝ ਕੇ ਭੇਜੋ ਸੋਇ।

ਕਿਹਾ ਗਿਆ ਹੈ—ਪ੍ਰੀਤਮ ਜੀ, (ਸਿਲਾ ਸੁਤਾ) ਪਰਬਤ ਦੀ ਪੁਤਰੀ ਚਹੁੰ ਅੱਖਰਾਂ ਦੇ ਨਾਂ ਵਾਲੀ ਜੋ 'ਪਾਰਬਤੀ' ਹੈ, ਉਸਦੇ ਪਹਿਲੇ ਤੇ ਅਖੀਰਲੇ ਅਖਰਨੂੰ ਮਿਲਾਇਆਂ ਜੋ(ਪਾਤੀ, ਭਾਵ ਚਿੱਠੀ) ਬਣੇ, ਕ੍ਰਿਪਾ ਕਰਕੇ ਓਹ ਮੈਨੂੰ ਭੇਜੇ।

ਬ੍ਰਿਹਣ ਮਰਨ ਲਗੀ ਜੇ—

ਆਵਨ ਕਹਿ ਗਏ ਬੀਜਨਾ ਆਇ ਨ ਬਾਜਾਹਾਰ।
ਅਜਾ ਭਖਸ਼ ਭੇਜਾ ਨਹੀਂ ਦੁਇ ਦਸ ਕਰੂੰ ਅਹਾਰ।

ਕਵੀ ਨੇ ਬ੍ਰਿਹਣੀ ਦੀ ਦਸ਼ਾ, ਕਿਸੇ ਸਖੀ ਨਾਲ ਗੱਲਾਂ ਕਰਦੀ ਸੁਣ ਕੇ ਕਿਵੇਂ ਵਰਣਨ ਕੀਤੀ ਏ, ਲਿਖਦਾ ਏ— (ਆਵਨ ਕਹਿ ਗਏ ਬੀਜਨਾ) ਕਹਿ ਤਾਂ ਗਏ ਸਨ ਕਿ ਇਕ ਪੱਖ ਗੁਜ਼ਰਿਆਂ ਆਵਾਂਗਾ (ਬੀਜਨਾ ਦਾ ਅਰਥ ਪੱਖਾ ਹੁੰਦਾ ਹੈ, ਓਥੇਂ ਪੱਖ ਲਿਆ ਗਿਆ ਹੈ) ਪਰ (ਆਇ ਨਾ ਬਾਜਾਹਾਰ) ਬਾਜ ਦਾ ਖਾਣਾ ਮਾਸ—ਮਹੀਨਾ—ਗੁਜ਼ਰਿਆ ਏ, ਅਜੇ ਆਏ ਨਹੀਂ। ਸੁਣ ਸਖੀ, (ਅਜਾ ਭਖਸ਼ ਭੇਜਾ ਨਹੀਂ) ਬਕਰੀ ਦਾ ਖਾਣਾਂ 'ਪੱਤਰ' ਭੀ ਨਹੀਂ ਭੇਜਿਆ, ਮੈਂ ਹੁਣ (ਦੋਇ ਦਸ ਕਰੂੰ ਅਹਾਰ) ਦੋ ਦੂਣੇ ਵੀਹ, ਵੀਹ ਤੋਂ ਭਾਵ ਵਿਹੁ ਤੋਂ ਹੈ ਖਾ ਲੈਂਦੀ ਹਾਂ। ਹੋਰ ਕੀ ਕਰਾਂ? ਕੈਸੀ ਕਮਾਲ ਦੀ ਉਕਤੀ ਏ!

ਭਜ ਮਨ—

ਅਜਾ ਸਹੇਰੀ ਤਾਸ ਰਿਪੁ ਤਾਂ ਜਨਨੀ ਭਰਤਾਰ।
ਤਾਂਕੇ ਸੁਤ ਕੇ ਮਿਤ੍ਰ ਕੋ ਭਜ ਮਨ ਬਾਰੰਬਾਰ।

ਕਿਸੇ ਗ੍ਰੰਥ ਕਾਰ ਨੇ ਭਗਵਾਨ ਕ੍ਰਿਸ਼ਨ ਦੇ ਸਿਮਰਨ ਕਰਨ ਬਾਬਤ ਕੈਸੇ ਵਿਕਟ ਤਰੀਕੇ ਨਾਲ ਸੂਚਨਾਂ ਕੀਤੀਏ, ਗ੍ਰੰਥਕਾਰ ਫਰਮਾਂਦਾ ਹੈ—(ਅਜਾ ਸਹੇਰੀ) ਬੱਕਰੀ ਦੀ ਸਹੇਲੀ ਭੇਡ. ਤੇ (ਤਾਸ ਰਿਪੁ) ਭੇਡ ਦਾ ਵੈਰੀ ਉਲੇਹਾ (ਉਲੇਹਾ ਇਕ ਪਰਕਾਰ ਦਾ ਕੰਡਾ ਹੈ ਜੋ ਭੇਡ ਦੀ ਜਤ ਵਿਚ ਵੜਕੇ ਉਸਨੂੰ ਸਤਾਂਦਾ ਹੈ)—(ਤਾਂ ਜਨਨੀ ਭਰਤਾਰ) ਉਲੇਹੇ ਦੀ ਮਾਤਾ ਧਰਤੀ ਦਾ ਪਤੀ ਇੰਦ੍ਰ। ਹੇ ਮਨ (ਤਾਂਕੇ ਸੁਤ ਕੇ ਮਿਤ੍ਰ ਕੋ) ਇੰਦ੍ਰ ਦੇ ਪੁਤ੍ਰ ਅਰਜਨ (ਗ੍ਰੰਥਾਂ ਵਿਚ ਇੰਦ੍ਰ ਸੇਵਾ ਤੋਂ ਅਰਜਨ ਦੀ ਉਪਜ ਲਿਖੀ ਹੈ) ਦੇ ਮਿਤ੍ਰ ਭਗਵਾਨ ਕ੍ਰਿਸ਼ਨ ਦਾ ਸਿਮਰਨ ਕਰ।

ਸੁੰਦਰੀ ਤੇ ਕੁਕੜ—

ਕੋਈ ਸੁੰਦਰੀ ਕਿਸੇ ਪਰਾਏ ਪੁਰਖ ਨਾਲ ਵਿਸ਼ਜ ਵਿਲਾਸ ਵਿਚ ਲੀਨ ਹੋਈ ੨ ਸੀ, ਕਿ ਸਵੇਰ ਸਾਰ ਕੁੱਕੜ ਨੇ ਬਾਂਗ ਦਿਤੀ। ਉਸਦਾ ਪ੍ਰੀਤਮ ਉਸਨੂੰ ਤਜਾਗ ਜਾਣ ਲੱਗਾ ਤਾਂ ਸੁੰਦਰੀ ਨੇ ਕੁੱਕੜ ਨੂੰ ਬੜੇ ਗੁਸੇ ਨਾਲ ਕਿਹਾ—

ਭੂਮ ਡਸਣ ਰਿਪੁ! ਬੋਲਿਓਂ, ਚਲਿਓ ਮੀਤ ਤਜ ਮੋਹਿ।
ਸ਼ਿਵ ਸੁਤ ਬਾਹਨ ਤਾਸ ਰਿਪੁ ਭੋਰ ਮਿਲਾਊਂ ਤੋਹਿ।

(ਭੂਮ ਡਸਣ ਰਿਪੁ) ਧਰਤੀ ਨੂੰ ਡਸਣ ਵਾਲੀ ਮਿਉਂਕ ਤੇ ਮਿਉਂਕ ਦੇ ਵੈਰੀ ਕੁੱਕੜਾ! ਤੂੰ ਬੋਲਿਆ ਏਂ ਤਾਂ ਮੇਰਾ ਪਿਆਰਾ ਮੈਨੂੰ ਛਡ ਤੁਰਿਆ ਏ। ਯਾਦ ਰਖੀਂ, (ਸ਼ਿਵ ਸੁਤ ਬਾਹਨ ਤਾਸ ਰਿਪੁ) ਸ਼ਿਵਾਂ ਦਾ ਪੁਤ੍ਰ ਗਣੇਸ਼, ਤੇ ਗਣੇਸ਼ ਦੀ ਸਵਾਰੀ ਚੂਹੇ ਦਾ ਵੈਰੀ 'ਬਿੱਲਾ' ਦਿਨ ਚੜ੍ਹੇ ਤੈਨੂੰ ਮਿਲਾਵਾਂਗੀ, ਭਾਵ ਤੈਨੂੰ ਬਿਲੇ ਅਗੇ ਪਾ ਦਿਆਂਗੀ।

ਸੁੰਦਰੀ ਦੀ ਇਸ ਕ੍ਰੋਧਾਤੁਰ ਬਾਣੀ ਨੂੰ ਸੁਣਕੇ ਕੁੱਕੜ ਨੇ ਬੜੇ ਠਰ੍ਹੰਮੇ ਨਾਲ ਉਤ੍ਰ ਦਿਤਾ—

ਸੁੰਦਰੀ ਰੋਸ ਨ ਕੀਜੀਏ, ਮਮ ਕੁਲ ਯਹੀ ਸੁਭਾਇ।
ਨਿਜ ਗ੍ਰਿਹਿ ਰਮੇ ਸੋ ਰਮ ਰਹੇ, ਪਰ ਗ੍ਰਿਹਰਮੇ ਸੁ ਜਾਇ।

ਸ੍ਰੀ ਮਤੀ ਜੀ, ਗੁਸੇ ਨ ਹੋਵੋ, ਮੈਂ ਇਕੱਲਾ ਹੀ ਇਸ ਵੇਲੇ ਨਹੀਂ ਬੋਲਿਆ, ਸਗੋਂ ਮੇਰੀ ਸਾਰੀ ਕੌਮ ਦਾ ਹੀ ਇਸ

(ਬਾਕੀ ਦੇਖੋ ਸਫ਼ਾ ੮)

ਮੇਹਨਤ

"ਬਾਬੂ ਜੀ ਮਿਟੀ"

ਮੈਂ ਸਿਰ ਉਠਾਕੇ ਵੇਖਿਆ। ਇਕ ਛੋਟਾ, ਕਾਲਾ, ਨਿਰਬਲ, ਪਤਲੇ ਸਰੀਰ ਦਾ ਲੜਕਾ ਸਾਹਮਣੇ ਖਲੋਤਾ ਸੀ, ਉਸਦੀ ਉਮਰ ੮ ਸਾਲ ਦੀ ਹੋਵੇਗੀ; ਪਤਲੀਆਂ ਪਤਲੀਆਂ ਲੱਤਾਂ ਅਤੇ ਕਾਲ ਕਾਲੇ ਹਥ, ਸਾਰਾ ਬਦਨ ਮਿੱਟੀ ਨਾਲ ਲਿਬੜਿਆ ਹੋਇਆ ਸੀ। ਸਿਰ ਤੇ ਇਕ ਬਹੁਤ ਪੁਰਾਣੀ ਟੁੱਟੀ ਫੁੱਟੀ ਲੋਹੇ ਦੀ ਪਰਾਤ ਸੀ। ਉਸ ਵਿਚ ਸੀ ਹਥ ਮਾਂਦਨ ਦੀ ਪੀਲੀ ਮਿੱਟੀ। ਵਿਚਾਰੇ ਬੱਚੇ ਲਈ ਏਹ ਭਾਰ ਬਹੁਤ ਜ਼ਿਆਦਾ ਸੀ। ਸਿਰ ਤੇ ਪਰਾਤ ਰਖੀ ਮੈਲੇ ਪੁਰਾਣੇ ਕਪੜੇ ਪਾਈ ਕਰਣਾ ਅਤੇ ਆਸ਼ਾ ਭਰੀ ਦ੍ਰਿਸ਼ਟ ਨਾਲ ਮੇਰੀ ਵਲ ਦੇਖ ਰਿਹਾ ਸੀ।

ਕੁਛ ਚਿਰ ਮੈਂ ਉਸ ਵਲ ਦੇਖਦਾ ਰਿਹਾ ਫਿਰ ਮੈਂ ਅਣਸੁਣਿਆਂ ਵਾਂਗ ਸਬਰ ਨਾਲ ਪੁਛਿਆ। ਕਿਆ ਹੈ ?"

ਬਾਲਕ ਨੇ ਦੂਸਰੀ ਵਾਰ ਨਿਰਾਸ਼ ਭਰੇ ਸ਼ਬਦਾਂ ਵਿਚ ਕਿਹਾ "ਬਾਬੂ ਜੀ, ਮਿੱਟੀ ਚਾਹੀਦੀ ਜੇ ?"

ਮੈਂ ਉਸਨੂੰ ਮਿੱਟੀ ਇਕ ਤਰਫ ਰਖ ਦੇਣ ਲਈ ਇਸ਼ਾਰਾ ਕੀਤਾ ਬਚੇ ਦੀਆਂ ਅਖਾਂ ਵਿਚ ਪ੍ਰਸੰਨਤਾ ਟਪਕ ਪਈ। ਮਿੱਟੀ ਰਖਕੇ ਓਹ ਇਕ ਪਾਸੇ ਹੋਕੇ ਖਲੋ ਗਿਆ।

ਇਕ ਆਨਾ ਜੇਬ ਵਿਚੋਂ ਕਢਕੇ ਉਸਦੀ ਤਲੀ ਤੇ ਰਖ ਦਿਤਾ, ਸ਼ਾਇਦ ਉਸਨੇ ਆਪਨੇ ਜੀਵਨ ਵਿਚ ਕਦੀ ਇਕਠੇ ਏਨੇ ਪੈਸੇ ਨਹੀਂ ਦੇਖੇ ਸਨ। ਸਿਰ ਹਿਲਾਕੇ ਉਸ ਕਿਹਾ ? "ਬਾਬੂ ਜੀ, ਤਿੰਨ ਪੈਸੇ ਤਾਂ ਮੇਰੇ ਪਾਸ ਹੈ ਨਹੀਂ।

ਇਕ ਆਨਾ ਆਪਨੇ ਪਾਸ ਹੀ ਰਖਣ ਲਈ ਉਸਨੂੰ ਮੈਂ ਕਹਿ ਦਿਤਾ।

ਖੁਸ਼ੀ ਨਾਲ ਉਸ ਸਿਰ ਝੁਕਾਕੇ ਪ੍ਰਣਾਮ ਕੀਤੀ। ਮੈਂ ਫਿਰ ਪੁਛਿਆ–ਤੇਰਾ ਨਾਂਓ ਕੀ ਏ ?"

ਉਹ ਜ਼ਰਾ ਹਸਕੇ ਬੋਲਿਆ–"ਬਾਬੂ ਜੀ, ਮੈਨੂੰ ਤਾਂ ਪਤਾ ਨਹੀਂ ! ਜਿਸ ਗਲੀ ਵਿਚ ਰਾਤ ਮੈਂ ਪੈਂਦਾ ਹਾਂ ਓਥੋਂ ਦੇ ਲੋਕ ਮੈਨੂੰ ਰਾਮੂ ਦਾ ਬੇਟਾ ਕਹਿੰਦੇ ਹਨ।"

ਓਹਨੂੰ ਏਨੀ ਸਮਝ ਅਵਸ਼ ਸੀ ਕਿ ਰਾਮੂ ਦਾ ਬੇਟਾ ਕੋਈ ਨਾਮ ਨਹੀਂ !

–"ਤੇਰਾ ਹੋਰ ਕੋਈ ਨਹੀਂ ?"

–"ਬਾਬੂ ਜੀ, ਮੈਂ ਓਸ ਕੋਠੀ ਵਾਲੇ ਤੋਂ ਪੁਛਿਆ ਸੀ ! ਓਹ ਕਹਿੰਦਾ ਹੈ ਮੇਰੀ ਮਾਤਾ ਭਿਖਾਰਨ ਸੀ ਅਤੇ ਮੈਨੂੰ ਪੰਜਾਂ ਸਾਲਾਂ ਦੇ ਨੂੰ ਛਡਕੇ ਹੀ ਮਰ ਗਈ ਸੀ। ਹੁਣ ਤਾਂ ਮੈਂ "ਬਾਬੂ ਜੀ, ਅੱਠਾਂ ਸਾਲਾਂ ਦਾ ਹੋਗਿਆ ਹਾਂ।

-ਕਿਓਂ ਤੈਨੂੰ ਆਪਨੀ ਮਾਂ ਦੀ ਕੁਛ ਯਾਦ ਹੈ ?"

–ਵਾਹ "ਬਾਬੂ ਜੀ, ਯਾਦ ਕਿਓਂ ਨਹੀਂ ਕੋਠੀ ਵਾਲਾ ਨੌਕਰ ਆਖਦਾ ਹੈ ਤੇਰੀ ਮਾਂ ਬੁਖਾਰ ਨਾਲ ਮਰੀ ਸੀ !"

–ਤੂੰ ਹੁਣ ਖਾਂਦਾ ਪੀਂਦਾ ਕਿਥੋਂ ਏ ?"

–"ਬਾਬੂ ਜੀ, ਮੈਂ ਤਾਂ ਤੁਹਾਡੇ ਜਹੇ ਭਗ-ਵਾਨਾਂ ਦਾ ਦਿਤਾ ਖਾਂਦਾ ਹਾਂ ! ਮਿੱਟੀ ਵੇਚਦਾ ਹਾਂ, ਕਦੀ ਇਕ ਪੈਸਾ, ਕਦੀ ਦੋ ਪੈਸੇ ਮਿਲ ਜਾਂਦੇ ਨੇ।

ਫਿਰ ਉਹ ਸੰਗਦਾ, ੨ ਬੋਲਿਆ ਆਹ ਜੋ ਮਿੱਟੀ "ਬਾਬੂ ਜੀ, ਤੁਹਾਨੂੰ ਦਿਤੀ ਏ ਮਸਾਂ ਧੇਲੇ ਦੀ ਹੋਵੇਗੀ। ਕਲ ਉਸ ਸਾਹ-ਮਣੇ ਘਰ ਵਾਲੀ "ਬੀਬੀ ਜੀ, ਨੇ ਦੋ ਪਰਾਤਾਂ ਮਿੱਟੀ ਦੀਆਂ ਇਕ ਪੈਸੇ ਤੋਂ ਲਈਆਂ ਸਨ।

ਮੇਰਾ ਦਿਲ ਬਚੇ ਦੇ ਕਰਣਾਂ ਮਈ ਸ਼ਬਦ ਸੁਣ ਕੇ ਭਰ ਗਿਆ

–ਸ਼ਾਬਾਸ਼, ਤੂੰ ਬੜਾ ਬਹਾਦੁਰ ਏਂ, ਖੂਬ ਮੇਹਨਤ ਕਰਕੇ ਪੈਸੇ ਕਮਾਂਦਾ ਏਂ !

ਬੇ-ਚਾਰਾ ਠੀਕ ਠੀਕ ਤਾਂ ਸਮਝ ਨਹੀ ਸੀ ਸਕਿਆ।

ਹਸਦਾ ਹੋਇਆ ਬੋਲਿਆ "ਹਾਂ ਬਾਬੂ ਜੀ, ਮੈ ਉਸਦੀ ਸਰਲਤਾ ਤੇ ਮੋਹਤ ਹੋ ਗਿਆ। ਮੈਨੂੰ ਉਸ ਛੋਟੇ ਬਚੇ ਦੇ ਰੂਪ ਵਿਚ ਦਿਸਿਆ ਵਿਸ਼ਵ ਦਾ ਸੱਤਯ, ਅਕਾਲ ਪੁਰਖ ਦਾ ਅੰਸ਼, ਸ਼ਾਂਤ ਦਾ ਸਾਗਰ।

ਕੁਛ ਚਿਰ ਸੋਚਕੇ ਮੈ ਉਸਨੂੰ ਕਿਹਾ, ਸੁਣ ਇਕ ਗਲ ਯਾਦ ਰਖੀ, ਕਦੀ ਕਿਸੇ ਪਾਸੋਂ ਭਿਖਯਾ ਨਹੀ ਮੰਗਨੀ, ਮਿੱਟੀ ਵੇਚਕੇ ਹੀ ਪੈਸੇ ਲੈਣੇ। ਮੰਗਕੇ ਰੋਟੀ ਨਹੀ ਖਾਣੀ, ਭੀਖ ਮੰਗਣੀ, ਕਿਸੇ ਦੇ ਅਗੇ ਝੋਲੀ ਕਰਨੀ, ਆਪਨੀ ਆਤਮਾਂ ਦਾ ਖੂਨ ਕਰਨਾ ਏ।

ਮੇਰੇ ਅੰਤਮ ਸ਼ਬਦਾਂ ਨੂੰ ਨਾਂ ਸਮਝਦਾ ਹੋਇਆ ਵੀ ਉਸਨੇ ਮੇਰੇ ਭਾਵ ਨੂੰ ਜ਼ਰੂਰ ਸਮਝ ਲਿਆ, ਬੋਲਿਆ, ਹਾਂ "ਬਾਬੂ ਜੀ, ਭੀਖ ਮੰਗਣੀ ਬਹੁਤ ਬੁਰੀ ਏ ! ਮੈਂ ਕਦੀ ਨਹੀ ਮੰਗਾਂਗਾ।

ਫਿਰ ਓਹ ਹਥ ਜੋੜਕੇ [illegible] ਗਿਆ ਮੈ ਵੇਖਿਆ ਉਸਦੀਆਂ ਅੱਖਾਂ ਵਿਚ ਕ੍ਰਿਤਗਯਤਾ ਦੇ ਆਂਸੂ ਸਨ।

× × × ×

ਇਕ ਦਿਨ ਓਹ ਬਚਾ ਰਾਹ ਵਿਚ ਫਿਰ ਮਿਲਿਆ। ਵੇਖਕੇ ਮੇਰੇ ਕੋਲ ਭਜਕੇ ਆ ਗਿਆ। ਮੇਰੇ ਵਲ ਵੇਖਕੇ ਉਸਨੇ ਹਸਕੇ ਆਖਿਆ "ਬਾਬੂ ਜੀ, ਮਿੱਟੀ ਲੈਣੀ ਜੇ !

ਓਹੋ ਪੁਰਾਣੇ ਕਪੜੇ ਸਨ ਮਿੱਟੀ ਦੇ ਭਰੇ ਹੋਏ, ਘੋਨ ਮੋਨ ਸਿਰ, ਡੂੰਘੀਆਂ ਅੱਖਾਂ, ਸਿਰ ਤੇ ਪਰਾਤ ਵਿਚ ਮਿੱਟੀ ਪਰ ਮੂੰਹ ਤੇ ਖੁਸ਼ੀ ਦੇ ਚਿੰਨ੍ਹ।

ਅਜ ਕੁਛ ਮਿੱਟੀ ਵਿਕੀ ਏ ਮੈਂ ਪੁਛਿਆ, ਹਾਂ "ਬਾਬੂ ਜੀ, ਅਜ ਤਾਂ ਦੋ ਪੈਸੇ ਦੀ ਮਿੱਟੀ ਵਿਕ ਚੁਕੀ ਏ ਏਹ ਹਸਕੇ ਉਸਨੇ ਉਤ੍ਰ ਦਿਤਾ।

ਏਹ ਆਖਕੇ ਉਸਨੇ ਆਪਨੇ ਪਤਲੇ ਹਥਾਂ ਨਾਲ ਪਾਟੀ ਹੋਈ ਕਮੀਜ਼ ਦੀ ਜੇਬ ਵਿਚੋ ਦੋ ਪੈਸੇ ਕਢਕੇ ਵਿਖਾਏ !

ਮੈ ਉਸਦੀ ਕੰਡ ਤੇ ਹਥ ਫੇਰਕੇ ਆਖਿਆ ਸ਼ਾਬਾਸ਼ ਤੂੰ ਹੋਨ ਹਾਰ ਬਚਾ ਏਂ !

ਦੇਖ ! ਕਦੀ ਕਦੀ ਸਾਡੇ ਘਰ ਵੀਆਵਿਆ ਕਰ, ਏਹ ਮੈ ਉਸਨੂੰ ਤੁਰਨ ਲਗੇ ਨੂੰ ਪੱਕੀ ਕੀਤੀ ?

ਕਈ ਵਾਰ ਮੁੜ ਉਹ ਮਿੱਟੀ ਲੈਕੇ ਸਾਡੇ ਘਰ ਔਂਦਾ ਹੁੰਦਾ ਸੀ !

× + ×

ਉਸ ਦਿਨ ਦੁਪਹਿਰ ਦੇ ਵਕਤ ਧੁਪ ਤੇਜ਼ ਸੀ, ਸੀ ਜੇਠ ਦਾ ਮਹੀਨਾ, ਮੈ ਕਾਲਜ ਤੇ ਘਰ ਨੂੰ ਕਾਹਲੀ ੨ ਜਾ ਰਿਹਾ ਸਾਂ। ਮਾਤਾ ਜੀ ਦੇ ਹਥੋਂ ਸ਼ਰਬਤ ਪੀਣ ਦਾ ਖਿਆਲ ਸੀ, ਸੜਕ ਦੇ ਇਕ ਪਾਸੇ ਬੋਹੜ ਥਲੇ ਆਮ ਲੋਕ ਇਕਠੇ ਨਜਰੀ ਪੈ ਤਮਾਸ਼ਾ ਦੇਖਨ ਦੇ ਖਿਆਲ ਨਾਲ ਮੈਂ ਉਸ ਪਾਸੇ ਤੁਰ ਪਿਆ। ਪਾਸਜਾਕੇ ਮੈਂ ਅਸਚਰਜਤਾ ਨਾਲ ਓਹ ਵਾਕਿਆ ਦਖਿਆ !

ਤਪਤ ਧਰਤੀ ਤੇ ਓਹੀ ਚਿਰ-ਪ੍ਰਚਿਤ ਮੇਹਨਤੀ ਬਚਾ ਆਪਣੇ ਜੀਵਨ ਦੇ ਅੰਤਮ ਸਵਾਸ ਪੂਰੇ ਕਰ ਰਿਹਾ ਸੀ, ਆਖੀਰ ਦਮਾਂ ਤੇ ਵੀ ਓਹ ਆਪਨੇ ਤੁਛ ਸਹਾਇਕ ਨੂੰ ਭੁਲ ਨਾਂ ਸਕਿਆ, ਉਸਨੇ ਤੀਛਨ ਸਬਰ ਵਿਚ ਕ੍ਰਿਹਾ– "ਪਾਣੀ"

ਫਿਰ ਉਸਨੇ ਟੁਟੇ-ਫੁਟੇ ਸ਼ਬਦਾਂ ਵਿਚ ਕਿਹਾ "ਬਾਬੂ ਜੀ, ਤਿੰਨ ਦਿਨਾਂ ਤੋਂ ਮਿੱਟੀ ਨਹੀ ਵਿਕੀ। ਮੈ ਕੁਛ ਅੰਨ ਨਹੀ ਖਾਧਾ। ਮੈਂ ਭਿਖਯਾ ਨਹੀ ਮੰਗੀ ਆਪ ਨੇ ਕਿਹਾ ਸੀ ਨਾਂ..................

(ਅਨੁਵਾਦ)

Sri Satguru Jagjit Singh Ji eLibrary NamdhariElibrary@gmail.com

ਸੰਸਾਰ-ਸਫ਼ਰ ਲਈ ਕਾਹਦੀ ਲੋੜ ਹੈ?

ਪਰਮਾਤਮਾਂ ਨੇ ਮਨੁਖ ਨੂੰ ਸਭ ਤੋਂ ਚੰਗਾ ਬਣਾਯਾ ਹੈ। ਉਸਨੇ ਉਸਨੂੰ ਵਿਚਾਰ ਸ਼ਕਤੀ ਦਿਤੀ ਹੈ। ਮਨੁਖ ਦਾ ਫ਼ਰਜ਼ ਹੈ ਕਿ ਉਹ ਵਿਚਾਰ-ਤਾਕਤ ਤੋਂ ਕੰਮ ਲਵੇ। ਤੇ ਜੇ ਉਹ ਇਸ ਤਾਕਤ ਤੋਂ ਕੰਮ ਨਹੀਂ ਲੈਂਦਾ ਤਾਂ ਉਸ ਵਿਚ ਤੇ ਸਾਧਾਰਣ ਪਸ਼ੂ ਵਿਚ ਕੋਈ ਫ਼ਰਕ ਨਹੀਂ। ਦੋਵੇਂ ਇਕ ਬਰਾਬਰ ਹਨ।

ਦੋ ਚਾਰ ਕੋਹ ਦੇ ਸਫ਼ਰ ਵਾਸਤੇ ਅਸੀਂ ਕਿਨੇ ਕਿਨੇ ਸਾਧਨ ਸੋਚਦੇ ਹਾਂ, ਤੇ ਵਿਚਾਰਾਂ ਕਰਦੇ ਹਾਂ। ਕੌਣ ਕੌਣ ਸਾਡੇ ਨਾਲ ਚਲੇਗਾ, ਰਸਤਾ ਖਰਾਬ ਤਾਂ ਨਹੀਂ, ਖਾਣ ਪੀਣ ਦਾ ਸਮਾਨ ਤਾਂ ਠੀਕ ਹੈ, ਕੁਲ ਖਰਚ ਕਿੰਨਾਂ ਹੋਵੇਗਾ, ਏਹਨਾਂ ਸਭ ਗਲਾਂ ਦੀ ਸਾਨੂੰ ਕੇਡੀ ਚਿੰਤਾ ਰਹਿੰਦੀ ਹੈ। ਜਦ ਏਡੀ ਛੋਟੀ ਯਾਤ੍ਰਾ ਵਾਸਤੇ ਸਾਨੂੰ ਏਨੇ ਝੰਝਟ ਵਿਚ ਪੈਣਾਂ ਪੈਂਦਾ ਹੈ ਤਾਂ ਇਸ ਵਡੇ ਸੰਸਾਰ-ਸਫ਼ਰ ਵਾਸਤੇ ਕਿੰਨੇ ਵਡੇ ਝੰਝਟ ਦੀ ਲੋੜ ਹੈ। ਇਸਦਾ ਅਨੁਮਾਨ ਪਾਠਕ ਆਪ ਹੀ ਲਾ ਸਕਦੇ ਹਨ।

ਹੇ ਮਨੁਖ ਤੂੰ ਜ਼ਰਾ ਸੋਚ ਤਾਂ ਸਹੀ ਕਿ ਇਸ ਸੰਸਾਰ ਵਿਚ ਤੂੰ ਕਿਸ ਵਾਸਤੇ ਪੈਦਾ ਕੀਤਾ ਗਿਆ ਏਂ। ਅਪਨੀਆਂ ਤਾਕਤਾਂ ਦਾ ਖਿਆਲ ਕਰ! ਅਪਨੀਆਂ ਜ਼ਰੂਰਤਾਂ ਤੇ ਧਿਆਨ ਦੇ। ਤੂੰ ਅਪਨਾ ਕੰਮ ਆਪ ਤੋਂ ਆਪ ਸਮਝ ਜਾਵੇਂਗਾ, ਤੇ ਵਿਘਨਾਂ ਰੁਕਾਵਟਾਂ ਤੋਂ ਬਚ ਜਾਇੰਗਾ!

ਜੋ ਕੁਝ ਤੂੰ ਕਹਿਣਾਂ ਹੈ, ਉਸ ਪਰ ਬਿਨਾਂ ਧਿਆਨ ਕੀਤਿਆਂ, ਅਤੇ ਉਸ ਕਹਿਣ ਦਾ ਜੋ ਨਤੀਜਾ ਹੋਵੇਗਾ, ਉਸਤੇ ਬਿਨਾਂ ਸੂਖਮ ਵਿਚਾਰ ਕੀਤਿਆਂ ਤੂੰ ਕੁਛ ਨ ਕਹੁ। ਇਸ ਤਰਾਂ ਕਰਨ ਨਾਲ ਤੈਨੂੰ ਅਪਕੀਰਤੀ ਦਾ ਡਰ ਨ ਰਵੇਗਾ। ਕਿਸੇ ਦੇ ਸਾਹਮਣੇ ਸ਼ਰਮਿੰਦਾ ਨ ਹੋਣਾ ਪਵੇਗਾ। ਪਸਚਾਤਾਪ ਤੇ ਚਿੰਤਾ ਤੋਂ ਤੇਰਾ ਸਹਿਜੇ ਹੀ ਛੁਟਕਾਰਾ ਹੋ ਜਾਇਗਾ।

ਬੇਸੋਚੇ ਸਮਝੇ ਗੱਲ ਕਰਨ ਵਾਲੇ ਆਦਮੀ ਦਾ ਅਪਨੀ ਜੀਭ ਤੇ ਕੁਛ ਭੀ ਵੱਸ ਨਹੀਂ ਰਹਿੰਦਾ। ਉਹ ਜੋ ਦਿਲ ਵਿਚ ਔਂਦਾ ਹੈ ਕਹਿ ਬਹਿੰਦਾ ਹੈ। ਨਤੀਜਾ ਏਹ ਨਿਕਲਦਾ ਹੈ ਕਿ ਉਸਨੂੰ ਅਪਨੀਆਂ ਹੀ ਗਲਾਂ ਤੋਂ ਉਲਟੀ ਮੂੰਹ ਦੀ ਖਾਣੀ ਪੈਂਦੀ ਹੈ।

ਜੀਵ ਨਹੀਂ ਸਮਝਦਾ ਕਿ ਇਸ ਘੇਰੇ ਤੋਂ ਅਗਲੇ ਪਾਸੇ ਕੀ ਚੀਜ਼ ਹੈ, ਪਰ ਉਹ ਦੌੜ ਕੇ ਪਰਲਾ ਪਾਸਾ ਵੀ ਕਾਬੂ ਵਿਚ ਕਰਨਾਂ ਚਾਹੁੰਦਾ ਹੈ, ਸ਼ਾਇਦ ਉਸਦਾ ਪੈਰ ਕਿਸੇ ਟੋਏ ਵਿਚ ਜਾ ਪਵੇ ਤੇ ਉਹ ਡਿਗ ਪਵੇ। ਠੀਕ, ਏਹੋ ਹਾਲ ਉਸ ਆਦਮੀ ਦਾ ਹੁੰਦਾ ਹੈ ਜੋ ਬਿਨਾਂ ਅਪਨਾ ਅੱਗਾ ਪਿਛਾ ਦੇਖੇ ਅਚਾਨਕ ਕਿਸੇ ਕੰਮ ਵਿਚ ਜਾ ਹੱਥ ਪਾਂਦਾ ਹੈ।

ਇਸ ਵਾਸਤੇ ਪਹਿਲੇ ਕੰਮ ਦਾ ਵਿਚਾਰ ਕਰ। ਬੁਧੀ ਤੇ ਵਿਚਾਰ-ਤਾਕਤ ਤੋਂ ਕੰਮ ਲੈ। ਇਸ ਤਰ੍ਹਾਂ ਕਰਨ ਨਾਲ ਇਹ ਸੰਸਾਰ ਸਫ਼ਰ ਸੁਖੱਲਾ ਸਮਾਪਤ ਹੋ ਜਾਇਗਾ, ਅਤੇ ਤੂੰ ਸੁਰਖਸ਼ਤ ਸਥਾਨ ਤੇ ਪਹੁੰਚ ਜਾਵੇਂਗਾ।

(ਅਨੁਵਾਦ)

ਫਲੇਹਾਰ

'ਸਤਿਜੁਗ' ਦਾ ਪਿਛਲਾ ਪਰਚਾ ਜਦੋਂ ਪੋਸਟ ਹੋ ਚੁੱਕਾ ਸੀ, ਉਹ ਦਿਹਾੜਾ ੨੭ ਹਾੜ ਬੁੱਧਵਾਰ ਦਾ ਸੀ। ਇਸ ਵੇਲੇ ਇੱਕ ਹੋਰ ਵੀ ਸੁਆਦਲੀ ਘਟਨਾ, ਸ੍ਰੀ ਭੈਣੀ ਸਾਹਿਬ ਦੇ ਹਾਮਸਰ ਕੰਢੇ ਹੋ ਰਹੀ ਸੀ। ਇੰਦਰ ਅਪਨੀ ਸੈਨਾਂਸਮੇਤਆਕਾਸ਼ ਮੰਡਲ ਤੇ ਵਿਚਰ ਰਹੇ ਸਨ, ਕੁਛ ਬੂੰਦਾਬਾਂਦੀ ਵੀ ਹੋ ਚੁਕੀ ਸੀ। ਭਗਵਾਨ ਭਾਸਕਰ ਨਜ਼ਰੋਂ ਓਹਲੇ ਹੋਏ ਹੋਏ ਸਨ। ਸੰਗਤਾਂ ੨ ਵਜੇ ਦਾ ਜਪ ਯੱਗ ਕਰ ਚੁੱਕੀਆਂ ਸਨ ਤੇ ਹਰੀ ਮੰਦਰ ਦੇ ਬਾਹਰਲੇ ਚੌਗਾਨ ਵਿੱਚ (ਜਿਥੇ ਦੀਵਾਨ ਲਗਿਆ ਕਰਦਾ ਹੈ) ਰੋਜ਼ਾਨਾ ਪ੍ਰੋਗ੍ਰਾਮ ਅਨੁਸਾਰ ਸਦਾਈ ਛਕਣ ਲਈ ਪੰਗਤੀਆਂ ਦੇ ਰੂਪ ਵਿਚ ਬੈਠੀਆਂ ਸਨ। ਕਿਸੇ ਪਾਸੇ ਸੋਧੀ ਸਿੰਘ ਸਜ ਰਹੇ ਸਨ, ਕਿਧਰੇ ਵਿਦਿਆਰਥੀ ਤੇ ਕਿਧਰੇ ਖੁਲ੍ਹੇ ਸਿੰਘ। ਮਾਈਆਂ, ਬੱਚੇ, ਰਵਿਦਾਸੀਏ ਤੇ ਮਜ਼੍ਹਬੀ ਸਿੰਘਾਂ ਦੀਆਂ ਵੱਖ ਵੱਖ ਪੰਗਤਾਂ ਸਨ।

ਪਰ ਅਜ ਸਰਦਾਈ ਸਥਾਨ ਤੇ, ਸਰਦਾਈ ਤੋਂ ਵੱਖਰੀ ਚੀਜ਼ ਵੀ ਨਜ਼ਰ ਆ ਰਹੀ ਸੀ, ਇਹ ਸੀ ਲੁਸਲੁਸ ਕਰਦੇ ਅੰਬਾਂ ਦੀ ਬਿਅੰਤਤਾ। ਕਈ ਟੋਕਰਿਆਂ ਵਿੱਚ ਸਾਫ਼ ਕੀਤੇ ਹੋਏ ਅੰਬ, ਸੰਗਤਾਂ ਦੇ ਕੰਮ ਆਉਣ ਦੇ ਚਾਉ ਵਿੱਚ ਅਪਨੀਆਂ ਅੰਤ੍ਰੀਵੀ ਅੱਖਾਂ ਨਾਲ ਸੰਗਤਾਂ ਵੱਲ ਝਾਕ ਰਹੇ ਸਨ।

ਉਸ ਵੇਲੇ ਸੰਗਤ ਤਕਰੀਬਨ ੩॥ ਸੌ ਦੇ ਕਰੀਬ ਸੀ। ਦੀਨਾ ਨਾਥ ਸਤਿਗੁਰੂ ਜੀ ਤੇ ਸ੍ਰੀ ਭੈਣੀ ਸਾਹਿਬ ਦੇ ਹੋਰ ਸ੍ਰੋਮਣੀ ਸੇਵਕਾਂ ਨੇ ਇਹ ਅੰਬ ਵਰਤਾਏ [illegible] ਕੀਤੇ। ਜੋ ਜੀ ਪ੍ਰਤੀ ੧੦-੧੦ ਦਿੱਤੇ ਗਏ। ਸੰਗਤਾਂ ਅੰਬਾਂ ਨਾਲ ਝੋਲੀਆਂ ਭਰਵਾਈ ਸਤਿਗੁਰੂ ਦੇ ਗੁਣ ਗਾਣ ਕਰਦੀਆਂ ਜਾਂਦੀਆਂ ਸਨ ਤੇ ਇਸ ਸੁਖ ਨੂੰ ਕਿਸੇ ਸ੍ਵਰਗੀ ਸੁਖ ਤੋਂ ਭੀ ਉਤਮ ਸਮਝ ਕੇ 'ਧੰਨ ਸਤਿਗੁਰੂ ਰਾਮ ਸਿੰਘ ਜੀ' ਦੇ ਨਾਅਰੇ ਲਾਂਦੀਆਂ ਸਨ।

ਇਹ ਫਲੇਹਾਰ ਨਾਮਧਾਰੀ ਸੰਗਤਾਂ ਤੋਂ ਬਿਨਾਂ ਬਾਹਰੋਂ ਆਏ ਸਜਨਾਂ ਨੇ ਭੀ ਪ੍ਰੇਮ ਸੰਜੁਗਤ ਕੀਤਾ। [ਖਾਸ ਰੀਪੋਰਟਰ

ਪਾਠਕ ਸਜਨਾਂ ਪ੍ਰਤੀ

'ਸਤਿਜੁਗ' ਦੇ ਓਹਨਾਂ ਪਾਠਕਾਂ ਪ੍ਰਤੀ ਜਿਨ੍ਹਾਂ ਦੇ ਚੰਦੇ ੨੭ ਹਾੜ ਤੋਂ ਨਵੇਂ ਸ਼ੁਰੂ ਹੁੰਦੇ ਹਨ ਪ੍ਰਾਰਥਨਾ ਹੈ ਕਿ ਓਹ ਆਪ ਹੀ ਕ੍ਰਿਪਾ ਕਰਕੇ ਚੰਦੇ ਮਨੀਆਰਡਰ ਕਰ ਘੱਲਣ। ਵੇਲੇ ਸਿਰ ਚੰਦਾ ਭੇਜ ਦੇਣ ਨਾਲ ਕੋਈ ਭਾਰ ਅਪਨੀ ਆਮਦਨ ਤੇ ਨਹੀਂ ਪੈਂਦਾ। ਜਦੋਂ ਇੱਕ ਲਖਤ ਕੁਛ ਸਾਲਾਂ ਦਾ ਚੰਦਾ ਦੇਣਾਂ ਪੈਂਦਾ ਹੈ ਤਾਂ ਮਨ ਜ਼ਰੂਰ ਸੰਕੋਚਦਾ ਹੈ। ਇਸ ਖਿਆਲ ਨੂੰ ਮੁਖ ਰਖਕੇ ਅਸੀਂ ਅਪਨੇ ਪਾਠਕਾਂ ਨੂੰ ਯਾਦ ਕਰਵਾ ਰਹੇ ਹਾਂ ਕਿ ਉਹ ਅਪਨੇ ਆਪ ਹੀ ਅਪਨੇ ਚੰਦੇ ਮਨੀਆਡਰ ਕਰਵਾ ਦੇਣ।

ਚੰਦਿਆਂ ਵਲੋਂ ਅਵੇਸਲੇ ਰਹਿਣ ਤੇ ਪਾਠਕਾਂ ਨੂੰ ਚਿੱਠੀਆਂ ਲਿਖੀਆਂ ਜਾਂਦੀਆਂ ਹਨ, ਜਿਸ ਕਰਕੇ ਪ੍ਰੈਸ ਦੇ ਸਿਰ ਵਾਧੂ ਭਾਰ ਆ ਜਾਂਦਾ ਹੈ। ਤੇ ਖਰਚ ਉਹ ਭੀ ਪਾਠਕਾਂ ਦਾ ਹੁੰਦਾ ਹੈ ਜੇ ਜਰਾਕੁ ਭੀ ਪਾਠਕ ਧਿਆਨ ਦੇਣ ਤਾਂ ਇਹ ਵਾਧੂ ਖਰਚ ਨ ਹੋਵੇ। ਏਹ ਸਭ ਨੂੰ ਹੀ ਗਯਾਤ ਹੈ ਕਿ ਜੰਗ ਲਗਨ ਕਰਕੇ ਸਾਮਾਨ ਸਾਰੇ ਮਹਿੰਗੇ ਹੋ ਗਏ ਹਨ ਤੇ ਹਰ ਚੀਜ਼ ਵਾਸਤੇ ਪੈਸਿਆਂ ਦੀ ਲੋੜ ਰਹਿੰਦੀ ਹੈ।

ਦੂਸਰੀ ਅਰਜ਼ ਹੈ ਕਿ ਚੰਦੇ ਮਨੀਆਡਰ ਕਰਨ ਲਗਿਆਂ ਅਪਨੀ ਚਿਟ ਦਾ ਨੰਬਰ ਲਿਖਣਾਂ ਬੜਾ ਜ਼ਰੂਰੀ ਹੁੰਦਾ ਹੈ, ਨਹੀਂ ਤੇ ਭੁਲੇਖੇ ਨਾਲ ਕਿਸੇ ਦੂਸਰੇ ਨਾਮ ਨਾਲ ਚੰਦਾ ਜਮ੍ਹਾਂ ਹੋ ਸਕਦਾ ਹੈ। ਮਨੀਆਡਰਾਂ ਤੋਂ ਬਿਨਾਂ ਪ੍ਰੈਸ ਸੰਬੰਧੀ ਹਰੇਕ ਚਿਠੀ ਪਤ੍ਰ ਵਿਚ ਅਪਨਾਂ ਚਿਟ ਨੰਬ੍ਰ ਲਿਖਣਾਂ, ਚਿਠੀ ਪਤ੍ਰ ਦਾ ਇਕ ਜ਼ਰੂਰੀ ਭਾਗ ਬਣਾ ਲਉ।

ਉਮੈਦ ਹੈ ਪਿਆਰੇ ਪਾਠਕ ਜ਼ਰੂਰ ਇਸ ਬੇਨਤੀ ਨੂੰ ਪ੍ਰਵਾਨ ਕਰਨਗੇ, ਤੇ ਚੰਦਿਆਂ ਨੂੰ ਹੋਰ ਜ਼ਰੂਰੀਆਤਾਂ ਵਾਂਗ ਸਮਝਕੇ ਛੇਤੀ ਹੀ ਭੇਜਣ ਦੀ ਕ੍ਰਿਪਾਲਤਾ ਕਰਨਗੇ।

[ਦਾਸ:—ਮੈਨੇਜਰ 'ਸਤਿਜੁਗ'

Sri Satguru Jagjit Singh Ji eLibrary NamdhariElibrary@gmail.com

ਖਾਸ ਇਕੱਤ੍ਰਤਾ

ਰਾਮਸਰ (ਸ੍ਰੀ ਭੈਣੀ ਸਾਹਿਬ) ੧ ਸਾਵਣ-ਅਜ ਨਾਮਧਾਰੀ ਦਰਬਾਰ ਦੀ ਇਕਤ੍ਰਤਾ ਸਾਢੇ ਚਾਰ ਵਜੇ ਸ਼ਾਮ ਦੇ ਵਡੇ ਮੰਦਰ ਵਿਚ, ਗ਼੍ਰੀਬ ਨਿਵਾਜ ਸਤਿਗੁਰੂ ਜੀ ਦੀ ਹਜ਼ੂਰੀ ਵਿਖੇ ਹੋਈ, ਏਸ ਇਕਤ੍ਰਤਾ ਦੇ ਪ੍ਰਧਾਨ ਸ੍ਰੀਮਾਨ ਸ੍ਰ: ਸ਼ਿੰਗਾਰਾ ਸਿੰਘ ਜੀ ਲਖਨਊ ਵਾਲਿਆਂ ਨੂੰ ਥਾਪਿਆ ਗਿਆ।

(ੳ) ਸਭ ਤੋਂ ਪਹਿਲਾਂ ਏਹ ਪਾਸ ਹੋਇਆ ਕਿ ਨਾਮਧਾਰੀ ਦਰਬਾਰ ਦੀ ਏਹ ਇਕਤ੍ਰਤਾ ਸੁਰਗਵਾਸੀ ਸ੍ਰ: ਅਵਤਾਰ ਸਿੰਘ ਜੀ ਬੈਰਿਸਟਰ ਗੁਜਰਾਂ ਵਾਲੇ ਉਪਰ ਧੋਖੇ ਨਾਲ, ਬੁਜ਼ਦਿਲਾਨਾ ਵਾਰ ਕਰਕੇ ਓਹਨਾਂ ਨੂੰ ਜਾਨੋਂ ਮਾਰ ਦੇਣ ਦੇ ਕਮੀਨਾ ਪਨ ਉਤੇ ਸਖਤ ਅਫਸੋਸ ਕਰਦਾ ਹੈ, ਅਤੇ ਸ੍ਰ: ਸਾਹਿਬ ਹੁਰਾਂ ਦੇ ਦੁਖੀ ਪਰੀਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਾ ਹੋਇਆ ਸਤਿਗੁਰੂ ਜੀ ਦੇ ਚਰਨਾਂ ਵਿਖੇ ਬੇਨਤੀ ਕਰਦਾ ਹੈ ਕਿ ਇਸ ਵਿਛੜੀ ਰੂਹ ਨੂੰ ਸ਼ਾਂਤੀ ਬਖਸ਼ੇ ਅਤੇ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰੇ।

(ਅ) ਏਹ ਇਕਤ੍ਰਤਾ ਗਵਰਮੈਂਟ ਨੂੰ ਚੇਤਨ ਕਰਦੀ ਹੈ ਕਿ ਓਹ ਇਹੋ ਜਿਹੇ ਵਧ ਰਹੇ ਜ਼ਾਲਮਾਨਾ ਮੁਸਲਮਾਨੀ ਜ਼ੋਰ ਨੂੰ ਜਿਹੋ ਜਿਹਾ ਸਰਗੋਧੇ ਅਤੇ ਗੁਜਰਾਂਵਾਲੇ ਵਿਚ ਦਿਖਾਈ ਦਿਤਾ ਏ, ਏਸਨੂੰ ਪੂਰੀ ਤਾਕਤ ਨਾਲ ਰੋਕੇ।

(ੲ) ਏਹ ਇਕਤ੍ਰਤਾ ਖਾਸ ਕਰ ਨਾਮਧਾਰੀ ਸੰਗਤਾਂ ਅਤੇ ਆਮ ਸਿਖ ਪੰਥ ਅਗੇ ਅਪੀਲ ਕਰਦੀ ਹੈ ਕਿ ਪੂਰਨਮਾਸ਼ੀ ਵਾਲੇ ਦਿਨ ਸੁਬ੍ਹਾ ਦੇ ਦੀਵਾਨਾਂ ਵਿਚ ਸ੍ਰ: ਅਵਤਾਰ ਸਿੰਘ ਜੀ ਦੀ ਆਤਮਾਂ ਦੀ ਸ਼ਾਂਤੀ ਵਾਸਤੇ ਅਰਦਾਸੇ ਕਰਨ।

੨. ਇਸਤੋਂ ਪਿਛੋਂ ਬਹੁਤ ਸਾਰੇ ਪੰਥਕ ਮਾਮਲਿਆਂ ਤੇ ਵਿਚਾਰਾਂ ਕਰਕੇ ਏਹ ਪਾਸ ਹੋਇਆ ਕਿ ਜ਼ਮਾਨੇ ਦੀ ਹਾਲਤ ਨੂੰ ਮੁਖ ਰਖਕੇ ਨਾਮਧਾਰੀ ਗਰੀਬ ਸਿੰਘਾਂ ਦੀ ਅੰਨ ਅਤੇ ਬਸਤ੍ਰਾਂ ਦੀ ਮਦਦ ਕੀਤੀ ਜਾਵੇ ਜੋ ਜ਼ਿਲੇਵਾਰ ਹੋਵੇ, ਆਪੋ ਅਪਣੇ ਜ਼ਿਲੇ ਦੇ ਸੂਬੇ, ਨਗਰਾਂ ਵਿਚ, ਜਾਕੇ ਪਤਾ ਕਰਨ, ਕਿ ਕਿਸ ਨਗਰ ਵਿਚ ਕਿੰਨੇ ਨਾਮਧਾਰੀ ਸਿੰਘ ਗ਼੍ਰੀਬ ਹਨ। ਓਹਨਾਂ ਵਾਸਤੇ ਜ਼ਿਲੇ ਦੇ ਦੂਸਰੇ ਨਾਮਧਾਰੀ ਸਿੰਘਾਂ ਪਾਸੋਂ ਬਸਤ੍ਰ ਅਤੇ ਅੰਨ ਦੀ ਉਗਰਾਹੀ ਕਰਕੇ ਸਹਾਇਤਾ ਕੀਤੀ ਜਾਵੇ।

(੩) ਅੰਤ ਵਿਚ ਏਹ ਪਾਸ ਹੋਇਆ ਕਿ ਹਰ ਨਗਰ ਅਤੇ ਸ਼ਹਿਰ ਵਿਚ ਜਿਥੇ ਵੀ ਨਾਮਧਾਰੀ ਸਾਧ ਸੰਗਤ ਹੋਵੇ ਹਰ ਰੋਜ਼ ਕਿਸੇ ਨੀਯਤ ਸਮੇਂ ਪਰ ਇਸ਼ਨਾਨ ਕਰਕੇ ਇਕ ਜਗਹ. ਇਕਠੀ ਹੋਵੇ ਤੇ ਇਕ ਘੰਟਾ ਬੈਠਕੇ ਸ਼ਾਂਤੀ ਪੂਰਵਕ ਭਜਨ ਕਰੇ।

ਦਰਜੀ ਸਿੰਘਾਂ ਵਾਸਤੇ ਸੁਨਹਿਰੀ ਮੌਕਾ

ਸ੍ਰ: ਆਤਮਾ ਸਿੰਘ ਜੀ ਰਾਈਸ ਰਾਵਲਪਿੰਡੀ ਵਾਲਿਆਂ ਨੂੰ ਕਈ ਲੱਖ ਤੰਬੂ ਬਨਵਾਣ ਦਾ ਕੰਮ ਮਿਲਿਆ ਹੈ। ਇਸ ਕੰਮ ਵਾਸਤੇ ਬਹੁਤ ਸਾਰੇ ਦਰ-ਜੀਆਂ ਦੀ ਜ਼ਰੂਰਤ ਹੈ। ਤਕਰੀਬਨ ੫-੬ ਸੌ ਦਰਜੀ ਅਗੇ ਕੰਮ ਤੇ ਲਗ ਚੁਕੇ ਨੇ ਤੇ ਏਨੇ ਕੁ ਹੋਰ ਚਾਹੀਦੇ ਹਨ। ਕਿਉਂਕਿ ਆਪ ਪੰਥ ਦਰਦੀ ਹਨ, ਇਸ ਵਾਸਤੇ ਸਿਖਾਂ ਨੂੰ ਪਹਿਲਾਂ ਥਾਂ ਦਿਤੀ ਜਾਵੇਗੀ। ਕੰਮ ਬਹੁਤਾ ਜਾਨਣ ਦੀ ਕੋਈ ਖਾਸ ਲੋੜ ਨਹੀਂ, ਸਿਰਫ ਹੱਥ ਨਾਲ ਚੰਗੀ ਤਰ੍ਹਾਂ ਟਾਂਕ ਲਗਾ ਸਕਦੇ ਹੋਣ। ਜਿੰਨੇ ਜਿੰਨੇ ਭੀ ਸਿੰਘਾਂ ਦੇ ਜਥੇ ਬਣ ਸਕਦੇ ਹੋਣ, ਉਹ ਹੇਠ ਲਿਖੇ ਪਤੇ ਤੇ ਛੇਤੀ ਖਤ ਪੱਤ੍ਰ ਕਰਨ। ਆਮਦਨੀ ਕਾਫ਼ੀ ਹੈ।

ਖਤ ਪੱਤ੍ਰ ਦਾ ਪਤਾ:- ਕੇ. ਡੀ. ਬੂਟਾ ਸਿੰਘ ਐਂਡ ਕੰਪਨੀ ਸੈਦਪੁਰੀ ਰੋਡ ਰਾਵਲਪਿੰਡੀ

ਘਰ ਦੀਆਂ ਖਬਰਾਂ

੨੮ ਹਾੜ ਵੀਰਵਾਰ-ਸ਼ਹੀਦ ਬੁੰਗੇ ਵਿਚ ਹੋ ਰਹੀ ਪਾਠ ਵਰਨੀ ਦਾ ਸਪਤਾਹਕ ਦਿਨ ਮਨਾਇਆ ਗਿਆ। ਸਵੇਰੇ ਆਸਾ ਦੀ ਵਾਰ ਦੇ ਕੀਰਤਨ ਬਾਦ ਸਰਬ ਸੰਗਤ ਨੇ ਸ਼ਹੀਦ ਬੁੰਗੇ ਪਾਠ ਅਸਥਾਨ ਤੇ ਦਰਸ਼ਨ ਦਿਤੇ, ਇਸ ਮੌਕੇ ੫ ਭੋਗ ਆਦਿ ਗਰੰਥ ਸਾਹਿਬ ਦੇ ਪਾਏ ਗਏ। ਅਰਦਾਸ ਉਪ੍ਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤੀ।

੨੯ ਹਾੜ ਸ਼ੁਕ੍ਰਵਾਰ-ਅਜ ਰੋਜ਼ਾਨਾ ਪਾਠ ਵਰਨੀ ਦਾ ੧੦੦ ਵਾਂ ਭੋਗ ਪਿਆ। ਇਹਪਾਠ ਸਾਢੇ ਤਿੰਨ ਵਜੇ ਤੋਂ ਸ਼ੁਰੂ ਹੋਕੇ ੫-੨੦ ਤੇ ਸਮਾਪਤ ਹੋਇਆ। ੨੮ ਵੈਸਾਖ ਤੋਂ ਲੈ ੧ ਪਾਠ ਰੋਜ ਤੇ ਵੀਰਵਾਰ ਨੂੰ ਪੰਜਾਂ ਪਾਠਾਂ ਦੇ ਭੋਗ ਪਿਆ ਕਰਦੇ ਹਨ।

ਸ੍ਰੀ ਹਜ਼ੂਰ ਸਤਿਗੁਰੂ ਜੀ ਕੁਛ ਵਯਕ-ਤੀਆਂ ਸਮੇਤ ਘੋੜਿਆਂ ਤੇ ਸਵਾਰ ਹੋਕੇ ਕਟਾਲੀ ਖੁਰਦ (ਜੋ ਭੈਣੀ ਸਾਹਿਬ ਦੇ ਲਾਗ ਹੀ ਹੈ) ਵਿਚ ਗਏ। ਸੰਤ ਭਗਵਾਨ ਸਿੰਘ ਜੀ ਦੇ ਘਰ ਵਿਖੇ ਹੋ ਰਹੇ ਅਖੰਡ ਪਾਠ ਦਾ ਭੋਗ ਪਿਆ ਸੰਤ ਭਗਵਾਨ ਸਿੰਘ ਜੀ ਨੇ ਸੰਗਤ ਦੀ ਬੜੇ ਪ੍ਰੇਮ ਨਾਲ ਸੇਵਾ ਕੀਤੀ।

੩੦-੩੧-੩੨ ਹਾੜ ਤਕ ਰੋਜ ਹੀ ਮੁਖ ਤਲਿਫ ਸਮਿਆਂ ਪੁਰ ਮੀਂਹ ਬਰਸਦਾ ਰਿਹਾ। ਠੰਢੀ ਹਵਾ ਦੇ ਫਰਾਟੇ ਬੜੇ ਅਨੰਦ ਦਾਇਕ ਸਨ।

(ਸਫਾ ੫ ਦੀ ਬਾਕੀ)

ਵੇਲੇ ਬੋਲਣ ਦਾ ਸੁਭਾਉ ਹੈ। ਇਸ ਬੋਲਣ ਨਾਲ ਅਸੀਂ ਸੂਚਤ ਕਰਦੇ ਹਾਂ ਕਿਜੇਹੜਾ ਅਪਨੇ ਘਰਹੀ ਵਿਲਾਸ ਵਿਚ ਲੀਣ ਹੈ ਉਹ ਤੇ ਲੀਣ ਰਹੇ, ਪਰ ਜੇਹੜਾ ਦੂਸਰੇ ਘਰ ਕੋਈ ਆਇਆ ਹੋਇਆ ਹੈ, ਉਹ ਚਲਾ ਜਾਇ, ਕਿਉਂਕਿ ਦਿਨ ਦਾ ਚੜ੍ਹਉ ਹੋਣ ਵਾਲਾ ਹੈ।

ਕਵੀ ਨੇ ਕੇਡੀ ਖੂਬੀ ਨਾਲ ਝਗੜੇ ਦਾ ਵਰਣਨ ਕੀਤਾ ਏ!

ਨੋਟ:- ਜੇਹੜਾ ਸਜਨ ਸਾਨੂੰ ਅਜੇਹੀਆਂ ਕਵਿਤਾਵਾਂ ਭੇਜਣ ਦੀ ਖੇਚਲ ਕਰਨ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਅਪਨੀ ਭੇਜੀ ਹੋਈ ਕਵਿਤਾ ਦਾ ਅਰਥ ਭੀ ਨਾਲ ਹੀ ਲਿਖ ਭੇਜਨ ਤਾਕਿ ਸਹੀ ੨ ਅਰਥਾਂ ਵਿਚ ਪ੍ਰਕਾਸ਼ਨ ਕੀਤੀ ਜਾਵੇ।

[ਪ੍ਰੀਤਮ ਸਿੰਘ 'ਕਵੀ'